SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 119 | Tuesday, June 20, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਇਟੋਬੀਕੋ ਵਿੱਚ ਚੱਲੀ ਗੋਲੀ, ਇੱਕ ਹਲਾਕ

ਇਟੋਬੀਕੋ, 19 ਜੂਨ (ਪੋਸਟ ਬਿਊਰੋ): ਸੋਮਵਾਰ ਰਾਤ ਨੂੰ ਇਟੋਬੀਕੋ ਵਿੱਚ ਵਾਪਰੀ ਸੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੇ ਟਵੀਟ ਕਰਕੇ ਦੱਸਿਆ ਕਿ ਐਮਰਜੰਸੀ ਅਮਲੇ ਨੂੰ ਸੂਟਿੰਗ ਦੀ ਰਿਪੋਰਟ ਦੇ ਕੇ ਸ਼ਾਮੀਂ 7:00 ਵਜੇ ਤੋਂ ਬਾਅਦ ਡੰਡਾਸ ਸਟਰੀਟ ਵੈਸਟ ਤੇ ਐਵਨਹਰਸਟ ਰੋਡ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮੌਕਾ-ਏ-ਵਾਰਦਾਤ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਪਰ ਬਾਅਦ ਵਿੱਚ ਉਸ ਨੂੰ



ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਕਤਲ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਪੁਲਿਸ ਵੱਲੋਂ ਇਸ ਸਬੰਧ ਵਿੱਚ ਕੋਈ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

# ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਟਰੂਡੋ ਤੋਂ ਕੀਤੀ ਜਾ ਰਹੀ ਜਾਂਚ ਸਬੰਧੀ ਮੀਡੀਆ ਰਿਪੋਰਟਾਂ ਨੂੰ ਆਰਸੀਐਮਪੀ ਨੇ ਨਕਾਰਿਆ

ਓਟਵਾ, 19 ਜੂਨ (ਪੋਸਟ ਬਿਊਰੋ) : ਆਰਸੀਐਮਪੀ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਇੰਜੀਨੀਅਰਿੰਗ ਫਰਮ ਐਸਐਨਸੀ-ਲਾਵਾਲਿਨ ਖਿਲਾਫ ਲੱਗੇ ਮੁਜਰਮਾਨਾਂ ਚਾਰਜਿਜ਼ ਦੇ ਮਾਮਲੇ ਨੂੰ ਫੈਡਰਲ ਪੱਧਰ ਉੱਤੇ ਜਿਸ ਤਰ੍ਹਾਂ ਹੈਂਡਲ ਕੀਤਾ ਜਾ ਰਿਹਾ ਹੈ ਉਸ ਵਿੱਚ ਲੱਗ ਰਹੇ ਸਿਆਸੀ ਦਖਲ ਦੇ ਦੋਸ਼ਾਂ ਦੀ ਉਨ੍ਹਾਂ ਵੱਲੋਂ ਜਾਂਚ ਨਹੀਂ ਕੀਤੀ ਜਾ ਰਹੀ।



ਇਸ ਤੋਂ ਇਲਾਵਾ ਆਰਸੀਐਮਪੀ ਨੇ ਇਹ ਵੀ ਆਖਿਆ ਕਿ ਐਸਐਨਸੀ-ਲਾਵ-ਾਲਿਨ ਟ੍ਰਾਇਲ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਿਸੇ ਤਰ੍ਹਾਂ ਦਾ ਦਬਾਅ ਪਾਏ ਜਾਣ ਦੇ ਮਾਮਲੇ ਦੀ ਵੀ ਕੋਈ ਜਾਂਚ ਨਹੀਂ ਚੱਲ ਰਹੀ। ਅੱਜ ਜਾਰੀ ਕੀਤੇ ਇੱਕ ਬਿਆਨ ਵਿੱਚ ਮਾਊਂਟੀਜ਼ ਨੇ ਆਖਿਆ ਕਿ ਇਨ੍ਹਾਂ ਅਫਵਾਹਾਂ ਦਾ ਬਾਜ਼ਾਰ ਗਰਮ ਹੈ ਕਿ ਇਹ ਜਾਂਚ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਹੈ ਪਰ ਇਹ ਸੱਚ ਨਹੀਂ ਹੈ। ਜ਼ਿਕਰਯੋਗ ਹੈ ਕਿ 2015 ਵਿੱਚ ਐਸਐਨਸੀ-ਲਾਵਾਲਿਨ ਗਰੁੱਪ ਤੇ ਉਨ੍ਹਾਂ ਦੀਆਂ ਦੋ ਹੋਰ ਸਹਾਇਕ ਕੰਪਨੀਆਂ, ਐਸਐਨਸੀ-ਲਾਵਾਲਿਨ ਕੰਸਟ੍ਰਕਸ਼ਨ ਤੇ ਐਸਐਨਸੀ-ਲਾਵਾਲਿਨ ਇੰਟਰਨੈਸ਼ਨਲ, ਨੂੰ ਭ੍ਰਿਸ਼ਟਾਚਾਰ ਲਈ ਚਾਰਜ ਕੀਤਾ ਗਿਆ ਸੀ। ਇਨ੍ਹਾਂ ਕੰਪਨੀਆਂ ਉੱਤੇ ਵਿਦੇਸ਼ੀ ਪਬਲਿਕ ਅਧਿਕਾਰੀਆਂ ਨਾਲ ਰਲ ਕੇ ਭ੍ਰਿਸ਼ਟਾਚਾਰ ਕਰਨ ਤੇ ਲਿਬੀਆ ਵਿੱਚ ਬਿਜ਼ਨਸ ਡੀਲਿੰਗਜ਼ ਵਿੱਚ ਫਰਾਡ ਕਰਨ ਦੇ ਦੋਸ਼ ਲੱਗੇ ਸਨ।

ਸੋਮਵਾਰ ਨੂੰ ਇਹ ਖਬਰਾਂ ਸਾਹਮਣੇ ਆਉਣ ਤੋਂ ਬਾਅਦ ਆਰਸੀਐਮਪੀ ਨੂੰ ਸਥਿਤੀ ਸਪਸ਼ਟ ਕਰਨ ਲਈ ਆਖਿਆ ਗਿਆ ਸੀ ਕਿ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਸ ਮਾਮਲੇ ਦੇ ਸਬੰਧ ਵਿੱਚ ਜਾਂਚ ਕਰ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਗਸਤ 2019 ਵਿੱਚ ਕੈਨੇਡਾ ਦੇ ਐਥਿਕਸ ਵਾਚਡੌਗ ਨੇ ਇਹ ਰਿਪੋਰਟ ਦਿੱਤੀ ਸੀ ਕਿ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਉੱਤੇ ਐਸਐਨਸੀ-ਲਾਵਾਲਿਨ ਮਾਮਲੇ ਦੀ ਮੁਜਰਮਾਨਾ ਜਾਂਚ ਬੰਦ ਕਰਨ ਲਈ ਦਬਾਅ ਪਾ ਕੇ ਟਰੂਡੋ ਨੇ ਕੌਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾ ਕੀਤੀ ਹੈ।

# ਸਰ੍ਹੀ ਵਿੱਚ ਹਰਦੀਪ ਸਿੰਘ ਨਿੱਜਰ ਦਾ ਗੋਲੀ ਮਾਰ ਕੇ ਕੀਤਾ ਗਿਆ ਕਤਲ

ਸਰ੍ਹੀ, 19 ਜੂਨ (ਪੋਸਟ ਬਿਊਰੋ) :ਸਰ੍ਹੀ, ਬ੍ਰਿਟਿਸ਼ ਕੋਲੰਬੀਆ ਵਿੱਚ ਗੁਰਦੁਆਰੇ ਦੇ ਬਾਹਰ ਸਿੱਖ ਗੁਰਦੁਆਰੇ ਦੇ ਪ੍ਰਧਾਨ ਤੇ ਗ੍ਰੰਥੀ ਹਰਦੀਪ ਸਿੰਘ ਨਿੱਜਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਨਿੱਜਰ ਉੱਤੇ ਅੱਤਵਾਦ ਨੂੰ ਸ਼ਹਿ ਦੇਣ ਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਸਨ।

ਇਸ ਸਬੰਧ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸੁਸਾਇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਹੋਠੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਤਵਾਰ ਰਾਤ ਨੂੰ ਨਿੱਜਰ ਆਪਣੇ ਪਿੱਕ ਅੱਪ ਟਰੱਕ ਵਿੱਚ ਇੱਕਲਾ ਹੀ ਸੀ ਤੇ ਗੁਰਦੁਆਰੇ ਦੇ ਪਾਰਕਿੰਗ ਲੌਟ ਵਿੱਚੋਂ ਬਾਹਰ ਨਿਕਲ ਰਿਹਾ ਸੀ ਜਦੋਂ ਉਸ ਉੱਤੇ ਹਮਲਾ ਹੋਇਆ। ਹੋਠੀ ਨੇ ਆਖਿਆ ਕਿ ਕੁੱਝ ਸਮੇਂ ਤੋਂ ਨਿੱਜਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਨਿੱਜਰ ਖਾਲਿਸਤਾਨ ਸਮਰਥਕ ਸੀ।

ਇੱਕ ਨਿਊਜ਼ ਰਲੀਜ਼ ਵਿੱਚ ਸਰ੍ਹੀ



ਆਰਸੀਐਮਪੀ ਨੇ ਆਖਿਆ ਕਿ ਸੂਟਿੰਗ ਰਾਤੀਂ 8:30 ਵਜੇ ਹੋਈ ਤੇ ਨਿੱਜਰ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਪੁਲਿਸ ਨੇ ਆਖਿਆ ਕਿ ਉਹ ਮਸ਼ਕੂਕਾਂ ਦੀ ਭਾਲ ਕਰ ਰਹੇ ਹਨ ਤੇ ਇਸ ਕਤਲ ਦੇ ਪਿੱਛੇ ਕਾਰਨ ਦਾ ਪਤਾ ਲਾਉਣ ਦੀ ਵੀ ਕੋਸ਼ਿਸ਼ ਕਰ ਰਹੇ ਹਨ। ਇੰਟੇਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਵੱਲੋਂ ਸੋਮਵਾਰ ਦੁਪਹਿਰ ਨੂੰ ਸਰ੍ਹੀ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਮਾਮਲੇ ਉੱਤੇ ਹੋਰ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਹੋਠੀ ਨੇ ਦੱਸਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਨਿੱਜਰ ਨੂੰ ਗੋਲੀ ਕਿਉਂ ਮਾਰੀ ਗਈ ਪਰ ਕੁੱਝ ਸਮੇਂ ਤੋਂ ਉਸ ਨੂੰ ਖਾਲਿਸਤਾਨ ਦੀ ਪੈਰਵੀ ਕਰਨ ਕਰਕੇ ਧਮਕੀਆਂ ਮਿਲ ਰਹੀਆਂ ਸਨ।

ਇਸ ਦੌਰਾਨ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਇਸ ਨੂੰ ਕਤਲ ਦਾ ਦਰਜਾ ਦਿੱਤਾ ਗਿਆ ਹੈ। ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਕੈਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ ਤੇ ਪੁਲਿਸ ਇਸ ਗੱਲ ਤੋਂ ਜਾਣੂ ਸਨ ਕਿ ਕੈਨੇਡਾ ਵਿੱਚ ਹੋਰਨਾਂ ਸਿੱਖ ਕਾਰਕੁੰਨਾਂ ਸਮੇਤ ਨਿੱਜਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਪਰ ਇਹ ਸਾਰੇ ਉਨ੍ਹਾਂ ਨੂੰ ਪ੍ਰੋਟੈਕਸ਼ਨ ਮੁਹੱਈਆ ਕਰਵਾਉਣ ਵਿੱਚ ਅਸਫਲ ਰਹੇ। ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਨੇ ਆਖਿਆ ਕਿ ਇਸ ਮਾਮਲੇ ਵਿੱਚ ਭਾਰਤ ਤੋਂ ਦਖ਼ਲ ਸਬੰਧੀ ਭੂਮਿਕਾ ਦੀ ਸਹੀ ਢੰਗ ਨਾਲ ਜਾਂਚ ਹੋਣੀ ਚਾਹੀਦੀ ਹੈ ਤੇ ਇਸ ਜੁਰਮ ਲਈ ਜੋ ਕੋਈ ਵੀ ਜ਼ਿੰਮੇਵਾਰ ਹੈ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਨਿਊਜ਼ ਰਲੀਜ਼ ਵਿੱਚ ਨਿੱਜਰ ਦੇ ਕਿਸੇ ਵੀ ਤਰ੍ਹਾਂ ਦੀ ਮੁਜਰਮਾਨਾ ਗਤੀਵਿਧੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਗਿਆ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



CAFÉ KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | Unit #4 -1540 Fanshawe Park Road West London, On N6H 5L8 (519) 641-1010 | Unit #6 – 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553 WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal, Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya, Principal Broker
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SUPER VISA INSURANCE EXPERTS
Punjab Insurance Inc
RANJIT GILL, Insurance Advisor
Ph: 416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axael InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA, Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor


MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਮਾਰਕ ਸਾਂਡਰਸ ਦੇ ਏਜੰਡੇ ਉੱਤੇ ਪਬਲਿਕ ਸੇਫਟੀ ਦਾ ਮੁੱਦਾ ਸੱਭ ਤੋਂ ਉੱਤੇ

ਟੋਰਾਂਟੋ, 19 ਜੂਨ (ਪੋਸਟ ਬਿਊਰੋ) : ਤਿੰਨ ਮਹੀਨੇ ਪਹਿਲਾਂ ਟੋਰਾਂਟੋ ਦੇ ਅਹੁਦੇ ਦੀ ਦੌੜ ਸਬੰਧੀ ਆਪਣੀ ਕੈਂਪੇਨ ਦੀ ਸ਼ੁਰੂਆਤ ਕਰਦੇ ਸਮੇਂ ਮਾਰਕ ਸਾਂਡਰਸ ਨੇ ਇਹ ਆਖਿਆ ਸੀ ਕਿ ਟੋਰਾਂਟੋ ਦਾ ਮੇਅਰ ਚੁਣੇ ਜਾਣ ਉੱਤੇ ਉਨ੍ਹਾਂ ਦੇ ਏਜੰਡੇ ਉੱਤੇ ਸੱਭ ਤੋਂ ਉੱਪਰ ਪਬਲਿਕ ਸੇਫਟੀ ਦਾ ਮੁੱਦਾ ਹੈ ਤੇ ਰਹੇਗਾ। ਇਸ ਅਹੁਦੇ ਲਈ ਚੋਣ ਹੋਣ ਤੋਂ ਇੱਕ ਹਫਤਾ ਪਹਿਲਾਂ ਵੀ ਸਾਂਡਰਸ ਦੀ ਮੁੱਖ ਤਰਜੀਹ ਪਬਲਿਕ ਸੇਫਟੀ ਹੀ ਹੈ।

ਸਾਂਡਰਸ ਨੇ ਆਖਿਆ ਕਿ ਜੇ ਤੁਸੀਂ ਸ਼ੁਰੂ ਵਿੱਚ ਹੀ ਜੁਰਮ ਨੂੰ ਕਾਬੂ ਨਹੀਂ ਕਰਦੇ ਤਾਂ ਹੌਲੀ ਹੌਲੀ ਉਹ ਵੱਧਦਾ ਜਾਂਦਾ ਹੈ ਤੇ ਸਮਾਜ ਨੂੰ ਖੋਖਲਾ ਕਰ ਦਿੰਦਾ ਹੈ। ਟੋਰਾਂਟੋ ਦੇ ਸਾਬਕਾ ਪੁਲਿਸ ਚੀਫ ਨੇ ਆਖਿਆ ਕਿ ਪਿਛਲੇ ਸਮੇਂ ਵਿੱਚ ਸਿਟੀ ਵਿੱਚ ਜੁਰਮ ਵਿੱਚ ਹੀ ਵਾਧਾ ਨਹੀਂ ਹੋਇਆ ਹੈ ਸਗੋਂ ਸਥਾਨਕ ਵਾਸੀਆਂ ਵਿੱਚ ਬੇਚੈਨੀ ਵੀ ਵਧੀ ਹੈ। ਉਨ੍ਹਾਂ ਆਖਿਆ ਕਿ ਲੋਕਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਦੀ ਲੋੜ ਹੈ। ਸਾਰੇ ਇਹ ਵੀ ਜਾਣਦੇ ਹਨ ਕਿ ਉਹ ਮਾਮਲੇ ਨੂੰ ਸਨਸਨੀਖੇਜ਼ ਨਹੀਂ ਬਣਾ ਰਹੇ ਤੇ ਸੱਚ ਆਖ ਰਹੇ ਹਨ।

ਟੀਟੀਸੀ ਵਿੱਚ ਵਧੀ ਹਿੰਸਾ ਦੀ ਮਿਸਾਲ ਦਿੰਦਿਆਂ ਉਨ੍ਹਾਂ ਆਖਿਆ ਕਿ ਕਸਟਮਰਜ਼ ਦੀ ਹਿਫਾਜ਼ਤ ਲਈ ਕਾਫੀ ਕੁੱਝ ਹੋਰ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਮੇਅਰ ਚੁਣੇ ਜਾਣ ਉੱਤੇ ਉਹ




ਸਿਸਟਮ ਵਿੱਚ 200 ਕਾਂਸਟੇਬਲ ਹੋਰ ਤਾਇਨਾਤ ਕਰਨਗੇ ਤੇ ਉਨ੍ਹਾਂ ਨੂੰ ਟੋਰਾਂਟੋ ਪੁਲਿਸ ਸਰਵਿਸ ਵਿੱਚ ਸ਼ਾਮਲ ਕੀਤਾ ਜਾਵੇਗਾ। ਹੋਰ ਸਕਿਊਰਿਟੀ ਕੈਮਰੇ ਲਾਏ ਜਾਣਗੇ ਤੇ ਮਦਦ ਲਈ ਸਪੈਸ਼ਲ ਅਸਿਸਟ ਬਟਨ ਵੀ ਲਾਏ ਜਾਣਗੇ। ਉਨ੍ਹਾਂ ਆਖਿਆ ਕਿ ਪੁਲਿਸ ਬਜਟ ਨੂੰ 1.16 ਬਿਲੀਅਨ ਡਾਲਰ ਤੋਂ ਘਟਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਇਹ ਬਜਟ 2023 ਵਿੱਚ ਮਨਜ਼ੂਰ ਹੋ ਚੁੱਕਿਆ ਹੈ।

ਉਨ੍ਹਾਂ ਇਹ ਵੀ ਆਖਿਆ ਕਿ ਉਹ ਮਹਿੰਗਾਈ ਦੀ ਦਰ ਤੋਂ ਅਗਾਂਹ ਮਿਊਂਸਪਲ ਪ੍ਰਾਪਰਟੀ ਟੈਕਸਾਂ ਵਿੱਚ ਵਾਧਾ ਨਹੀਂ ਕਰਨਗੇ। ਪਰ ਉਨ੍ਹਾਂ ਅਜਿਹੇ ਪ੍ਰੋਗਰਾਮਾਂ ਤੇ ਸੇਵਾਵਾਂ ਦਾ ਜ਼ਿਕਰ ਵੀ ਨਹੀਂ ਕੀਤਾ ਜਿਨ੍ਹਾਂ ਨੂੰ ਬਜਟ ਵਿੱਚੋਂ ਕੱਟ ਕਰ ਦਿੱਤਾ ਜਾਵੇਗਾ। ਉਨ੍ਹਾਂ ਬਾਈਕ ਲੇਨਜ਼ ਨੂੰ ਖ਼ਤਮ ਕਰਨ ਦੀ ਗੱਲ ਵੀ ਆਖੀ। ਹਾਲਾਂਕਿ ਪ੍ਰੀਮੀਅਰ ਡੱਗ ਫੋਰਡ ਇਹ ਵਾਰੀ ਵਾਰੀ ਆਖ ਚੁੱਕੇ ਹਨ ਕਿ ਉਹ ਇਸ ਦੌੜ ਵਿੱਚ ਸ਼ਾਮਲ ਕਿਸੇ ਵੀ ਉਮੀਦਵਾਰ ਦੀ ਪੈਰਵੀ ਨਹੀਂ ਕਰਨਗੇ ਪਰ ਮਾਰਕ ਸਾਂਡਰਸ ਵੱਲੋਂ ਗਿਣਾਏ ਜਾ ਰਹੇ ਕਈ ਮੁੱਦਿਆਂ ਦੇ ਫੋਰਡ ਵੀ ਸਮਰਥਕ ਹਨ।

## ਅੱਜ ਨਾਮਾ >>

ਛੋਟਾਂ ਬੜੀਆਂ ਪਈ ਰਾਜ ਸਰਕਾਰ ਦੇਂਦੀ,
ਜਾਪਦਾ ਹੋਵੇ ਪਿਆ ਬਹੁਤ ਸੁਧਾਰ ਬੇਲੀ।
ਦੱਸ ਰਹੀ ਲੋਕਾਂ ਨੂੰ ਕੰਮ ਸਰਕਾਰ ਕੀਤਾ,
ਭਰਿਆ ਰਹਿੰਦਾ ਹੈ ਰੋਜ਼ ਅਖਬਾਰ ਬੇਲੀ।
ਧਿਰ ਵਿਰੋਧੀਤਾਂ ਸੱਭੋ ਕੁਝ ਰੱਦ ਕਰਨਾ,
ਕਰਨਾ ਹੁੰਦਾ ਉਸ ਸਿਰੇ ਦਾ ਵਾਰ ਬੇਲੀ।
ਦੋਵਾਂ ਧਿਰਾਂ ਦਾ ਟੱਕਰਵਾਂ ਆਏ ਦਾਅਵਾ,
ਆਦਮੀ ਆਮ ਦੀ ਮੱਤ ਦਏ ਮਾਰ ਬੇਲੀ।
ਲੱਗਦੀ ਸਮਝ ਨਾ ਕੌਣ ਜੀ ਸੱਚ ਕਹਿੰਦਾ,
ਕਿਹੜਾ ਸਿਰੇ ਦਾ ਝੂਠ ਰਿਹਾ ਬੋਲ ਬੇਲੀ।
ਸਿਆਸਤ ਚੱਲਦੀ ਆਪਣੀ ਤੋਰ ਰਹਿੰਦੀ,
ਫਸ ਜਾਏ ਆਦਮੀ ਆਮ ਅਣਭੋਲ ਬੇਲੀ।

**ਤੀਸ ਮਾਰ ਖਾਂ**

# ਵੈਸਟ ਬੈਂਕ ਵਿਚ ਇਜ਼ਰਾਇਲੀ ਫ਼ੌਜ ਦੀ ਕਾਰਵਾਈ ਵਿਚ ਤਿੰਨ ਫਲਸਤੀਨੀ ਮਰੇ, 29 ਜ਼ਖਮੀ

ਯੇਰੂਸ਼ਲਮ, 19 ਜੂਨ (ਪੋਸਟ ਬਿਊਰੋ): ਵੈਸਟ ਬੈਂਕ ਵਿਚ ਇਜ਼ਰਾਇਲੀ ਫ਼ੌਜ ਵੱਲੋਂ ਕੀਤੀ ਗਈ ਕਾਰਵਾਈ ਵਿਚ ਤਿੰਨ ਫਲਸਤੀਨੀਆਂ ਦੀ ਮੌਤ ਹੋ ਗਈ, ਜਦਕਿ 29 ਜ਼ਖਮੀ ਹੋ ਗਏ। ਪਹਿਲੀ ਵਾਰ ਇਸ ਹਮਲੇ ’ਚ ਇਜ਼ਰਾਇਲੀ ਹੈਲੀਕਾਪਟਰ ਦੀ ਵਰਤੋਂ ਕੀਤੀ ਗਈ ਸੀ। ਮਰਨ ਵਾਲਿਆਂ ’ਚ ਇਕ 15 ਸਾਲਾ ਲੜਕਾ ਵੀ ਸ਼ਾਮਲ ਹੈ। ਛੇ ਦੀ ਹਾਲਤ ਬਹੁਤ ਗੰਭੀਰ ਦੱਸੀ ਜਾ ਰਹੀ ਹੈ।



ਇਜ਼ਰਾਇਲੀ ਫ਼ੌਜ ਵੱਲੋਂ ਕਿਹਾ ਗਿਆ ਕਿ ਜੈਨਿਨ ਵਿਚ ਛਾਪੇਮਾਰੀ ਦੌਰਾਨ ਫ਼ੌਜ ’ਤੇ ਬੰਦੂਕਧਾਰੀ ਨੇ ਹਮਲਾ ਕਰ ਦਿੱਤਾ। ਜਵਾਨਾਂ ਨੇ ਜਵਾਬੀ ਕਾਰਵਾਈ ’ਚ ਗੋਲੀਬਾਰੀ ਕੀਤੀ। ਇਜ਼ਰਾਇਲੀ ਮੀਡੀਆ ਦੇ ਮੁਤਾਬਕ ਇਜ਼ਰਾਇਲੀ ਫ਼ੌਜੀ ਵੀ ਜ਼ਖਮੀ ਹੋਏ ਹਨ ਪਰ ਉਨ੍ਹਾਂ ਦੀ ਗਿਣਤੀ ਦੀ ਜਾਣਕਾਰੀ ਨਹੀਂ ਦਿੱਤੀ ਗਈ।

ਦੱਸਿਆ ਗਿਆ ਕਿ ਫ਼ੌਜ ਜਿਵੇਂ ਹੀ ਜੈਨਿਨ ਪਹੁੰਚੀ, ਫ਼ੌਜੀ ਵਾਹਨ ਨੂੰ ਵਿਸਫੋਟਕ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਨਾਲ ਵਾਹਨ ਨੁਕਸਾਨਿਆ ਗਿਆ। ਨਾਲ ਹੀ ਬੰਦੂਕਧਾਰੀ ਨੇ ਹਮਲਾ ਕਰ ਦਿੱਤਾ। ਹੈਲੀਕਾਪਟਰ ਤੋਂ ਬੰਦੂਕਧਾਰੀ ’ਤੇ ਜਵਾਬੀ ਕਾਰਵਾਈ ਕੀਤੀ ਗਈ। ਇਜ਼ਰਾਇਲੀ ਮੀਡੀਆ ਦੇ ਮੁਤਾ-ਬਕ ਵੈਸਟ ਬੈਂਕ ’ਚ ਫ਼ੌਜ ਵੱਲੋਂ ਕਿਸੇ ਕਾਰਵਾਈ ਦੌਰਾਨ ਹੈਲੀਕਾਪਟਰ ਰਾਹੀਂ ਹਮਲੇ ਦੀ ਇਹ ਪਹਿਲੀ ਘਟਨਾ ਹੈ। ਫਲਸਤੀਨੀ ਸਿਹਤ ਮੰਤਰੀ ਨੇ ਮਰਨ ਵਾਲਿਆਂ ਦੀ ਪਛਾਣ ਖਾਲਿਦ ਅਸਾਸਾ, ਕਸਮ ਅਬੂ ਸਰੀਆ ਤੇ ਅਹਿਮਦ ਸਕਰ ਦੇ ਰੂਪ ’ਚ ਕੀਤੀ ਹੈ। ਉਨ੍ਹਾਂ ਦੀ ਉਮਰ 15 ਤੋਂ 29 ਸਾਲ ਤੱਕ ਦੀ ਹੈ।

## ਨੇਪਾਲ ਵਿਚ ਭਾਰੀ ਮੀਂਹ ਤੋਂ ਬਾਅਦ ਜ਼ਮੀਨ ਖਿਸਕਣ ਕਾਰਨ ਪੰਜ ਲੋਕਾਂ ਦੀ ਮੌਤ, 28 ਹੋਏ ਲਾਪਤਾ

ਕਾਠਮੰਡੂ, 19 ਜੂਨ (ਪੋਸਟ ਬਿਊਰੋ): ਨੇਪਾਲ ਦੇ ਪੂਰਬੀ ਹਿੱਸਿਆਂ ਵਿਚ ਮੀਂਹ ਜਾਰੀ ਹੈ। ਭਾਰੀ ਮੀਂਹ ਤੋਂ ਬਾਅਦ ਆਈ ਤਬਾਹੀ ਵਿੱਚ ਕਈ ਲੋਕਾਂ ਦੀ ਮੌਤ ਹੋਣ ਦੀ ਸੂਚਨਾ ਹੈ, ਜਦੋਂ ਕਿ ਦਰਜਨਾਂ ਲੋਕ ਲਾਪਤਾ ਹਨ। ਪੁਲਸ ਨੇ ਦੱਸਿਆ ਕਿ ਪੂਰਬੀ ਨੇਪਾਲ 'ਚ ਜ਼ਮੀਨ ਖਿਸਕਣ ਕਾਰਨ ਹੁਣ ਤੱਕ ਪੰਜ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੇ ਨਾਲ ਹੀ ਹੁਣ ਤੱਕ 28 ਲੋਕ ਲਾਪਤਾ ਹਨ। ਪੁਲਸ ਨੇ ਦੱਸਿਆ ਕਿ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ।

ਇਸ ਤੋਂ ਪਹਿਲਾਂ ਐਤਵਾਰ ਨੂੰ ਵੀ ਨੇਪਾਲ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ। ਇਸ ਦੇ ਨਾਲ ਹੀ ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 25 ਲੋਕ ਲਾਪਤਾ ਹੋ ਗਏ ਸਨ। ਜਾਣਕਾਰੀ ਅਨੁਸਾਰ ਸਭ ਤੋਂ ਵੱਧ ਸੰਖੂਵਾਸਭਾ ਜ਼ਿਲ੍ਹਾ ਪ੍ਰਭਾਵਿਤ ਹੈ। ਇਸ ਜ਼ਿਲ੍ਹੇ 'ਚ ਐਤਵਾਰ ਨੂੰ 16 ਲੋਕਾਂ ਦੇ ਲਾਪਤਾ ਹੋਣ ਦੀ ਸੂਚਨਾ ਮਿਲੀ ਹੈ। ਜ਼ਿਲ੍ਹਾ ਪੁਲਸ ਦਫਤਰ ਦੇ ਮੁਖੀ ਬੀਰੇਂਦਰ ਗੋਦਾਰ ਨੇ ਦੱਸਿਆ ਕਿ ਸ਼ਨੀਵਾਰ ਸ਼ਾਮ ਤੋਂ ਹੀਵਾਖੋਲਾ 'ਚ ਆਏ ਹੜ੍ਹ ਤੋਂ ਬਾਅਦ ਸੁਪਰ ਹੇਵਾਖੋਲਾ ਹਾਈਡ੍ਰੋਪਾਵਰ ਦੇ 16 ਕਰਮਚਾਰੀ ਲਾਪਤਾ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਵਿੱਚ ਸੱਤ ਘਰ ਵਹਿ ਗਏ ਹਨ।

ਜ਼ਿਲ੍ਹਾ ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਇਕ ਮਜ਼ਦੂਰ ਦੀ ਲਾਸ਼ ਮਿਲੀ ਸੀ, ਜਿਸ ਦੀ ਉਹ ਪਹਿਚਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇੱਥੇ ਪੰਜਥਰ 'ਚ ਹੜ੍ਹਾਂ ਕਾਰਨ ਘੱਟੋ-ਘੱਟ 5 ਲੋਕ ਲਾਪਤਾ ਹੋ ਗਏ ਸਨ, ਜਦਕਿ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਨਾਲ ਸੰਪਰਕ ਸੜਕੀ ਸੰਪਰਕ ਬੰਦ ਹੋ ਗਿਆ ਹੈ। ਤਾਪਲੇਜੁੰਗ ਵਿੱਚ ਜ਼ਮੀਨ ਖਿਸਕਣ ਕਾਰਨ ਚਾਰ ਲੋਕ ਲਾਪਤਾ ਹੋ ਗਏ ਹਨ। ਪੁਲਸ ਨੇ ਦੱਸਿਆ ਕਿ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ।

ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਹਿਲ ਨੇ ਐਤਵਾਰ ਸਵੇਰੇ ਅਧਿਕਾਰੀਆਂ ਨੂੰ ਖੋਜ ਅਤੇ ਬਚਾਅ ਕਾਰਜ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਇਨ੍ਹਾਂ ਘਟਨਾਵਾਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ –
ਤੁਹਾਡੀ ਭਾਸ਼ਾ ਬੋਲਦੇ – Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਮੇਰੀ ਪਾਕਿਸਤਾਨ ਫੇਰੀ-13

# ਫੈਸਲਾਬਾਦ (ਪੁਰਾਣਾ ਲਾਇਲਪੁਰ) ਵੇਖਣ ਦੀ ਰੀਝ ਹੋਈ ਪੂਰੀ

ਡਾ. ਸੁਖਦੇਵ ਸਿੰਘ ਝੰਡ
ਫੋਨ: +91 97798 80184

ਸਾਡੇ ਵੱਲੋਂ ਬਦਲਾਏ ਗਏ ਪ੍ਰੋਗਰਾਮ ਅਨੁਸਾਰ ਪਹਿਲੀ ਮਾਰਚ ਨੂੰ ਸਾਡਾ ਭਾਰਤ ਨੂੰ ਵਾਪਸੀ ਦਾ ਦਿਨ ਸੀ ਅਤੇ ਇਸ ਤੋਂ ਇੱਕ ਦਿਨ ਪਹਿਲਾਂ ਅਸੀਂ ਫੈਸਲਾਬਾਦ ਜਿਸ ਦਾ ਪੁਰਾਣਾ ਨਾਂ 'ਲਾਇਲਪੁਰ' ਸੀ ਅਤੇ ਇਸਦਾ ਇਹ ਨਾਂ ਅੰਗਰੇਜ਼ ਅਫ਼ਸਰ ਸਰ ਜੇਮਜ਼ ਲਾਇਲ ਦੇ ਨਾਂ ਦੇ ਪਿਛਲੇ ਭਾਗ (ਸਰਨੇਮ) 'ਲਾਇਲ' ਦੇ ਨਾਂ 'ਤੇ ਰੱਖਿਆ ਗਿਆ ਸੀ, ਨੂੰ ਵੇਖਣ ਦੀ ਰੀਝ ਮਨ ਵਿੱਚ ਸੀ। ਮੇਰੇ ਵਡੇਰਿਆਂ ਦਾ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਇਸ ਸ਼ਹਿਰ ਤੋਂ ਮਸਾਂ 10 ਕੁ ਕਿਲੋਮੀਟਰ ਹੀ ਦੂਰ ਹੈ ਅਤੇ 1947 ਦੀ 'ਵੰਡ' ਤੋਂ ਪਹਿਲਾਂ ਉਨ੍ਹਾਂ ਦਾ ਇਸ ਨੇੜਲੇ ਸ਼ਹਿਰ ਵਿੱਚ ਕਾਫੀ ਆਉਣਾ ਜਾਣਾ ਸੀ। ਮੇਰੇ ਪਿਤਾ ਜੀ ਨੇ 1944 ਵਿੱਚ ਐੱਫ਼.ਐੱਸ.ਸੀ. ਇੱਥੋਂ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਕੀਤੀ ਸੀ। ਉਦੋਂ ਇਹ ਇੰਟਰਮੀਡੀਏਟ ਕਾਲਜ ਸੀ ਅਤੇ ਬੀ.ਐੱਸ.ਸੀ. ਕਰਨ ਲਈ ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲਾ ਲਿਆ, ਕਿਉਂਕਿ ਮੇਰੇ ਦਾਦਾ ਜੀ ਉਨ੍ਹਾਂ ਨੂੰ ਲਾਹੌਰ ਵਿੱਚ ਨਹੀਂ, ਸਗੋਂ ਅੰਮ੍ਰਿਤਸਰ ਦੇ ਇਸ ਕਾਲਜ ਵਿੱਚ ਹੀ ਪੜ੍ਹਾਉਣਾ ਚਾਹੁੰਦੇ ਸਨ, ਕਿਉਂਕਿ ਉਹ ਇਸ ਕਾਲਜ ਨੂੰ ਸਿੱਖ ਕੌਮ ਦੀ ਸੁਪਰੀਮ ਵਿਦਿਅਕ ਸੰਸਥਾ ਸਮਝਦੇ ਸਨ। ਪਿਤਾ ਜੀ ਨੇ 1946 ਵਿੱਚ ਇੱਥੋਂ ਬੀ.ਐੱਸ.ਸੀ. (ਮੈਡੀਕਲ) ਕੀਤੀ। ਬਚਪਨ ਵਿੱਚ ਉਹ ਸਾਨੂੰ ਲਾਇਲਪੁਰ ਸ਼ਹਿਰ ਦੇ ਘੰਟਾ-ਘਰ ਅਤੇ ਇਸ ਦੇ ਆਲੇ-ਦੁਆਲੇ ਬਣੇ ਅੱਠ ਬਾਜ਼ਾਰਾਂ ਦੀਆਂ ਕਈ ਗੱਲਾਂ ਸੁਣਾਇਆ ਕਰਦੇ ਸਨ ਜੋ ਸਾਡੇ ਲਈ ਬੜੀਆਂ ਹੀ ਦਿਲਚਸਪ ਹੁੰਦੀਆਂ ਸਨ। ਉਹ ਦੱਸਦੇ ਹੁੰਦੇ ਸਨ ਕਿ ਜੇਕਰ ਕੋਈ ਵਿਅੱਕਤੀ ਇਨ੍ਹਾਂ ਅੱਠਾਂ ਬਾਜ਼ਾਰਾਂ ਵਿੱਚੋਂ ਕਿਸੇ ਦੇ ਵਿੱਚ ਵਿੱਚ ਵੀ ਕਿਧਰੇ ਰਸਤਾ ਭੁੱਲ ਜਾਂਦਾ ਸੀ ਤਾਂ ਉਹ ਉੱਥੋਂ ਵਾਪਸ ਆ ਕੇ ਬੜੀ ਆਸਾਨੀ ਨਾਲ ਘੰਟਾ-ਘਰ ਪਹੁੰਚ ਜਾਂਦਾ ਸੀ।

ਇਸ ਸ਼ਹਿਰ ਵਿੱਚ ਮੈਡੀਕਲ ਸਾਇੰਸ ਨਾਲ ਸਬੰਧਿਤ ਮਹਾਨ ਅਦਾਰਾ 'ਫੈਸਲਾਬਾਦ ਇਨਸਟੀਚਿਊਟ ਆਫ਼ ਕਾਰਡਿਆਲੌਜੀ' ਹੈ ਜਿੱਥੇ ਦਿਲ ਦੇ ਰੋਗਾਂ ਨਾਲ ਸਬੰਧਿਤ ਉਚੇਰੀ ਪੜ੍ਹਾਈ ਅਤੇ ਖੋਜ ਹੁੰਦੀ ਹੈ। ਇਸ ਦੇ ਨਾਲ ਜੁੜਿਆ ਦਿਲ ਦੇ ਰੋਗਾਂ ਦਾ ਇੱਕ ਬਹੁਤ ਵੱਡਾ ਹਸਪਤਾਲ ਵੀ ਹੈ। ਇੱਥੇ 'ਯੂਨੀਵਰਸਿਟੀ ਆਫ਼ ਐਗਰੀਕਲਚਰ ਫੈਸਲਾਬਾਦ' (ਯੂਏਐੱਫ਼) ਹੈ ਜਿਸ ਨੂੰ ਵੇਖਣ ਦੀ ਤੀਬਰ ਇੱਛਾ ਜੀਜਾ ਜੀ ਡਾ. ਸੁਖਵਿੰਦਰ ਸਿੰਘ ਥਿੰਦ ਦੀ ਸੀ। ਦਰਅਸਲ, ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ 'ਸੀਨੀਅਰ ਸਾਇਲ ਸਾਇੰਟਿਸਟ' ਵਜੋਂ ਸੇਵਾ-ਮੁਕਤ ਹੋਏ ਹਨ ਅਤੇ ਫੈਸਲਾਬਾਦ ਦੀ ਇਸ ਖੇਤੀਬਾੜੀ ਯੂਨੀਵਰਸਿਟੀ ਦਾ ਮੁਕਾਬਲਾ ਆਪਣੀ ਯੂਨੀਵਰਸਿਟੀ ਦੇ ਨਾਲ ਕਰਨਾ ਚਾਹੁੰਦੇ ਸੀ। ਇਸ ਤਰ੍ਹਾਂ ਫੈਸਲਾਬਾਦ ਜਾਣ ਦੇ ਸਾਡੇ ਸਾਹਮਣੇ ਦੋ-ਤਿੰਨ ਮਕਸਦ ਸਨ ਜੋ ਅਸੀਂ ਇੱਕੋ ਦਿਨ ਦੇ ਇਸ ਗੇੜੇ ਵਿਚ ਹੀ ਪੂਰੇ ਕਰਨਾ ਚਾਹੁੰਦੇ ਸੀ।

ਫੈਸਲਾਬਾਦ ਨੂੰ ਪਾਏ ਚਾਲੇ

ਇੱਥੇ ਚੱਲ ਰਹੀ ਆਪਣੀ ਰੁਟੀਨ ਅਨੁਸਾਰ ਅਸੀਂ ਨੌਂ ਕੁ ਵਜੇ ਹੋਟਲ ਵਿੱਚ ਨਾਸ਼ਤਾ ਕੀਤਾ ਅਤੇ ਏਨੇ ਨੂੰ ਸਾਡੇ ਮੇਜ਼ਬਾਨ ਵੀ ਉੱਥੇ ਸਾਡੇ ਕੋਲ ਪਹੁੰਚ ਗਏ। ਸਾਢੇ ਨੌਂ ਵਜੇ ਅਸੀਂ ਗੱਡੀ ਫੈਸਲਾਬਾਦ ਜਾਣ ਲਈ ਮੋਟਰਵੇਅ ਐੱਮ-2 'ਤੇ ਪਾ ਲਈ ਅਤੇ ਅੱਗੋਂ ਸਰਗੋਧੇ ਨੇੜਿਉਂ ਮੋਟਰਵੇਅ ਐੱਮ-4 ਲਿਆ। ਫੈਸਲਾਬਾਦ ਪਹੁੰਚਣ ਲਈ ਸਾਨੂੰ ਲੱਗਭੱਗ ਤਿੰਨ ਘੰਟੇ ਲੱਗ ਗਏ। ਸਮਾਂ ਬਚਾਉਣ ਲਈ ਅਸੀਂ ਰਸਤੇ ਵਿੱਚ 10-15 ਮਿੰਟਾਂ ਦਾ ਹੀ ਇੱਕ ਛੋਟਾ ਜਿਹਾ ਪੜਾਅ ਕੀਤਾ। ਫੈਸਲਾਬਾਦ ਪਹੁੰਚ ਕੇ ਸੱਭ ਤੋਂ ਪਹਿਲਾਂ ਉੱਥੋਂ ਦੀ ਖੇਤੀਬਾੜੀ ਯੂਨੀਵਰਸਿਟੀ ਵੇਖਣ ਦਾ ਪ੍ਰੋਗਰਾਮ ਬਣਿਆ। ਡਰਾਈਵਰ ਸੁਹੇਲ ਫੈਸਲਾਬਾਦ ਦੀਆਂ ਸਾਰੀਆਂ ਸੜਕਾਂ ਅਤੇ ਥਾਵਾਂ ਦਾ ਚੰਗਾ ਜਾਣੂੰ ਸੀ। ਉਹ ਕਈ ਸਾਲ ਪਾਕਿਸਤਾਨ ਦੇ ਟੂਰਿਜ਼ਮ ਵਿਭਾਗ ਨਾਲ ਜੁੜਿਆ ਰਿਹਾ ਸੀ ਅਤੇ ਪਾਕਿਸਤਾਨ ਆਉਣ ਵਾਲੇ ਟੂਰਿਸਟਾਂ ਨੂੰ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਇਤਿਹਾਸਕ ਥਾਵਾਂ 'ਤੇ ਲਿਜਾਂਦਾ ਰਿਹਾ ਸੀ। ਉਸ ਨੇ ਗੱਡੀ ਸਿੱਧੀ



ਯੂਨੀਵਰਸਿਟੀ ਦੇ ਗੇਟ ਦੇ ਅੱਗੇ ਜਾ ਕੇ ਹੀ ਰੋਕੀ। ਉੱਥੇ ਮੌਜੂਦ ਸੁਰਖਿਆ ਕਰਮਚਾਰੀਆਂ ਨੇ ਸਾਨੂੰ ਰੋਕ ਕੇ ਉੱਥੇ ਆਉਣ ਦਾ ਮਕਸਦ ਪੁੱਛਿਆ ਅਤੇ ਇਹ ਉਨ੍ਹਾਂ ਦੀ ਡਿਊਟੀ ਵੀ ਸੀ। ਜਦੋਂ ਅਸੀਂ ਦੱਸਿਆ ਕਿ ਅਸੀਂ ਇਹ ਯੂਨੀਵਰਸਿਟੀ ਵੇਖਣ ਆਏ ਹਾਂ ਤਾਂ ਉਨ੍ਹਾਂ ਬੜੇ ਅਦਬ ਨਾਲ ਸਾਨੂੰ ਅੱਗੇ ਜਾਣ ਦੀ ਇਜਾਜ਼ਤ ਦੇ ਦਿੱਤੀ। ਅੱਗੇ ਜਾ ਕੇ ਗੱਡੀ ਪਾਰਕਿੰਗ ਵਿੱਚ ਜਾ ਲਾਈ ਅਤੇ ਉੱਥੋਂ ਅੱਗੋਂ ਪੈਦਲ ਜਾਣਾ ਸੀ।

### ਯੂਨੀਵਰਸਿਟੀ ਆਫ਼ ਐਗਰੀਕਲਚਰ ਫੈਸਲਾਬਾਦ ਦਾ ਭੂਮੀ ਵਿਗਿਆਨ ਵਿਭਾਗ ਤੇ ਲਾਇਬ੍ਰੇਰੀ ਵੇਖੀ

ਪਤਨੀ ਜਗਦੀਸ਼ ਦੀ ਤਬੀਅਤ ਰਾਤ ਦੀ ਠੀਕ ਨਹੀਂ ਸੀ। ਦਰਅਸਲ, ਹਸਨ ਅਬਦਾਲ (ਪੰਜਾ ਸਾਹਿਬ) ਤੋਂ ਵਾਪਸ ਆਉਂਦਿਆਂ ਇੱਕ ਅਫ਼ਗਾਨੀ ਢਾਬੇ ਤੋਂ ਖਾਧਾ ਹੋਇਆ ਖਾਣਾ ਉਸ ਨੂੰ ਠੀਕ ਤਰ੍ਹਾਂ ਨਹੀਂ ਪਚਿਆ ਸੀ ਅਤੇ ਰਾਤ ਨੂੰ ਹੀ ਪੇਟ 'ਚ ਗੜਬੜ ਸ਼ੁਰੂ ਹੋ ਗਈ ਸੀ। ਉਸ ਨੂੰ ਠੀਕ ਕਰਨ ਲਈ ਉਸ ਨੇ ਨਾਲ ਲਿਆਂਦੀ ਹੋਈ ਦਵਾਈ ਦੀਆਂ ਦੋ ਗੋਲੀਆਂ ਵੀ ਲਈਆਂ ਸਨ ਪਰ ਫਿਰ ਵੀ ਉਸ ਨੂੰ ਰਾਤ ਨੂੰ ਕਈ 'ਲੂਜ਼-ਇਮੋਸ਼ਨਜ਼' ਆ ਗਈਆਂ ਸਨ ਅਤੇ ਸਰੀਰ ਨਿਢਾਲ ਜਿਹਾ ਹੋ ਗਿਆ ਸੀ। ਇਸ ਲਈ ਉਸ ਨੇ ਗੱਡੀ ਵਿੱਚ ਹੀ ਆਰਾਮ ਕਰਨਾ ਬੇਹਤਰ ਸਮਝਿਆ ਅਤੇ ਡਰਾਈਵਰ ਸੁਹੇਲ ਨੂੰ ਉਸ ਦੇ ਕੋਲ ਛੱਡ ਕੇ ਅਸੀਂ ਪੰਜੇ ਜਣੇ ਯੂਨੀਵਰਸਿਟੀ ਵੇਖਣ ਤੁਰ ਪਏ। ਸਾਡੀ ਮੁੱਖ ਦਿਲਚਸਪੀ ਯੂਨੀਵਰਸਿਟੀ ਦਾ ਭੂਮੀ ਵਿਗਿਆਨ ਵਿਭਾਗ (ਸਾਇਲ ਸਾਇੰਸ ਡਿਪਾਰਟਮੈਂਟ) ਅਤੇ ਲਾਇਬ੍ਰੇਰੀ ਵੇਖਣ ਦੀ ਸੀ ਜੋ ਕ੍ਰਮਵਾਰ ਸਾਡੇ ਦੋਹਾਂ (ਜੀਜਾ ਜੀ ਅਤੇ ਮੇਰੀ) ਦਿਲਚਸਪੀ ਦੇ ਵਿਭਾਗ ਸਨ।

ਅਸੀਂ ਸਿੱਧੇ ਸਾਇਲ ਡੀਪਾਰਟਮੈਂਟ ਵੱਲ ਗਏ ਅਤੇ ਉੱਥੇ ਜਾ ਕੇ ਵਿਭਾਗ ਦੇ ਮੁਖੀ ਨੂੰ ਮਿਲੇ। ਉਨ੍ਹਾਂ ਸਾਨੂੰ ਆਪਣੇ ਵਿਭਾਗ ਦਾ ਚੱਕਰ ਲਵਾਇਆ ਅਤੇ ਉਸ ਦੀਆਂ ਦੋ-ਤਿੰਨ ਲੈਬਾਰਟਰੀਆਂ ਵਿਖਾਈਆਂ। ਇਸ ਦੌਰਾਨ ਉਨ੍ਹਾਂ ਸਾਨੂੰ ਤਿੰਨ-ਚਾਰ ਭੂਮੀ-ਵਿਗਿਆਨੀਆਂ ਨਾਲ ਵੀ ਮਿਲਾਇਆ। ਉਨ੍ਹਾਂ ਵਿਗਿਆਨੀਆਂ ਦੇ ਨਾਂ ਤਾਂ ਹੁਣ ਇਸ ਵੇਲੇ ਯਾਦ ਨਹੀਂ ਆ ਰਹੇ, ਅਲਬੱਤਾ, ਉਦੋਂ ਇਹ ਪੂਰੀ ਤਰ੍ਹਾਂ ਯਾਦ ਹੋ ਗਏ ਸਨ।

ਅਜੋਕੇ ਸਮੇਂ ਵਿੱਚ ਕੰਪਿਊਟਰ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਹੋਇਆਂ ਵਿਭਾਗ ਦੇ ਨਾਂ ਦੇ ਨਾਲ ਕੰਪਿਊਟਰ ਇੰਜੀਨੀਅਰਿੰਗ ਵੀ ਜੁੜਿਆ ਹੋਇਆ ਸੀ ਅਤੇ ਇਸ ਦਾ ਨਾਂ 'ਸਾਇਲ ਸਾਇੰਸ ਐਂਡ ਕੰਪਿਓਟਰ ਇੰਜੀਨੀਅਰਿੰਗ' ਰੱਖਿਆ ਗਿਆ ਸੀ। ਯੂਨੀਵਰਸਿਟੀ ਦੀ ਇਸ ਇਮਾਰਤ ਵਿੱਚ ਹੋਰ ਵੀ ਕਈ ਵਿਭਾਗ ਸਨ ਪਰ ਉਨ੍ਹਾਂ ਨੂੰ ਵੇਖਣ ਜਾਣ ਲਈ ਸਾਡੇ ਕੋਲ ਸਮਾਂ ਨਹੀਂ ਸੀ।

'ਭੂਮੀ ਵਿਗਿਆਨ ਵਿਭਾਗ' ਤੋਂ ਵਾਪਸ ਆਉਂਦਿਆਂ ਯੂਨੀਵਰਸਿਟੀ ਦੀ ਲਾਇਬ੍ਰੇਰੀ ਵੇਖੀ। ਲਾਇਬ੍ਰੇਰੀ ਦੇ ਅੰਦਰ ਜਾ ਕੇ ਯੂਨੀਵਰਸਿਟੀ ਲਾਇਬ੍ਰੇਰੀਅਨ ਦੇ ਦਫ਼ਤਰ ਵਿੱਚ ਉਨ੍ਹਾਂ ਨੂੰ ਮਿਲੇ। ਸਾਡੇ ਨਾਲ ਲਾਇਬ੍ਰੇਰੀ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲਾਇਬ੍ਰੇਰੀਅਨ ਸਾਹਿਬ ਦੱਸਿਆ ਕਿ ਖੇਤੀਬਾੜੀ ਯੂਨੀਵਰਸਿਟੀ ਹੋਣ ਕਾਰਨ ਇਸ ਵਿੱਚ ਬੇਸ਼ਕ ਖੇਤੀਬਾੜੀ ਨਾਲ ਸਬੰਧਿਤ ਪੁਸਤਕਾਂ ਅਤੇ ਖੋਜ-ਰਿਸਾਲੇ ਹੀ ਵਧੇਰੇ ਉਪਲੱਬਧ ਹਨ ਪਰ ਇਸ ਦੇ ਨਾਲ ਹੀ ਆਮ-ਵਾਕਫੀ ਅਤੇ ਸਾਂਝੀ ਦਿਲਚਸਪੀ ਦੀਆਂ ਪੁਸਤਕਾਂ ਤੇ ਰਿਸਾਲੇ ਵੀ ਇੱਥੇ ਕਾਫੀ ਗਿਣਤੀ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਲਾਇਬ੍ਰੇਰੀ ਵਿੱਚ 'ਆਨ-ਲਾਈਨ' ਵੀ ਕਈ ਪੁਸਤਕਾਂ ਤੇ ਰਿਸਾਲੇ ਉਪਲੱਬਧ ਸਨ। ਉਨ੍ਹਾਂ ਨੇ ਸਾਨੂੰ ਲਾਇਬ੍ਰੇਰੀ ਦਾ ਰਾਊਂਡ ਲਵਾਇਆ ਅਤੇ ਚਾਹ ਦੀ ਸੁਲਾਹ ਵੀ ਮਾਰੀ ਪਰ ਅਸੀਂ ਇਸ ਦੇ ਲਈ ਮੁਆਫੀ ਮੰਗਦਿਆਂ ਹੋਇਆਂ ਕਿਹਾ ਕਿ ਅਸੀਂ ਉੱਥੋਂ ਜਲਦੀ ਜਾ ਕੇ ਸ਼ਹਿਰ ਦੀਆਂ ਹੋਰ ਦਿਲਚਸਪ ਥਾਵਾਂ ਅਜੇ ਵੇਖਣੀਆਂ ਹਨ ਅਤੇ ਸ਼ਾਮ ਨੂੰ ਲਾਹੌਰ ਵੀ ਜਲਦੀ ਪਹੁੰਚਣਾ ਹੈ।

ਫੈਸਲਾਬਾਦ ਦਾ ਮਸ਼ਹੂਰ ਘੰਟਾ-ਘਰ ਚੌਂਕ ਵੇਖਿਆ

ਫੈਸਲਾਬਾਦ ਦੀ ਖੇਤੀਬਾੜੀ ਯੂਨੀਵਰਸਿਟੀ ਵੇਖਣ ਤੋਂ ਬਾਦ ਸਾਡਾ ਅਗਲਾ ਪੜਾਅ ਇੱਥੋਂ ਦਾ ਘੰਟਾ-ਘਰ ਵੇਖਣ ਦਾ ਸੀ। ਇਸ ਦਾ ਨਾਂ ਪਹਿਲਾਂ 'ਲਾਇਲਪੁਰ ਕਲਾਕ ਟਾਵਰ' ਸੀ ਅਤੇ ਹੁਣ ਇਸ ਨੂੰ 'ਫੈਸਲਾਬਾਦ ਕਲਾਕ ਟਾਵਰ' ਕਿਹਾ ਜਾਂਦਾ ਹੈ। ਇਹ ਪੁਰਾਣੇ ਲਾਇਲਪੁਰ ਦਾ ਸੱਭ ਤੋਂ ਪੁਰਾਣਾ 'ਮਾਨੂਮੈਂਟ' ਹੈ ਅਤੇ ਅੰਗਰੇਜ਼ੀ ਰਾਜ ਦੇ ਸਮੇਂ 1905 ਵਿੱਚ ਬਣੇ ਹੋਏ ਪਲੇਟਫਾਰਮ 'ਤੇ ਓਸੇ ਹੀ ਤਰ੍ਹਾਂ ਖੜਾ ਹੈ। ਇਸ ਨੂੰ ਇੱਥੇ ਬਨਾਉਣ ਦਾ ਫੈਸਲਾ ਝੰਗ ਜ਼ਿਲੇ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸਰ ਜੇਮਜ਼ ਲਾਇਲ ਵੱਲੋਂ ਲਿਆ ਗਿਆ ਸੀ। ਇਸ ਦਾ ਨੀਂਹ-ਪੱਥਰ 14 ਨਵੰਬਰ 1905 ਨੂੰ ਬ੍ਰਿਟਿਸ਼ ਰਾਜ ਦੇ ਪੰਜਾਬ ਸੂਬੇ ਦੇ ਲੈਫ਼ਟੀਨੈਂਟ ਗਵਰਨਰ ਸਰ ਚਾਰਲਸ ਰਿਵਾਜ਼ ਵੱਲੋਂ ਰੱਖਿਆ ਗਿਆ ਸੀ। ਇਹ ਘੰਟਾ-ਘਰ ਫੈਸਲਾਬਾਦ ਸ਼ਹਿਰ ਦੇ ਐਨ ਸੈਂਟਰ ਵਿੱਚ ਹੈ ਅਤੇ ਇੱਥੋਂ ਅੱਠ ਬਾਜ਼ਾਰ ਵੱਖ-ਵੱਖ ਦਿਸ਼ਾਵਾਂ ਨੂੰ ਬਾਹਰ ਵੱਲ ਨਿਕਲਦੇ ਹਨ। ਇਸ ਤਰ੍ਹਾਂ ਇਹ ਮਹਿਜ਼ ਇੱਕ 'ਗੋਲ ਚੌਂਕ' ਨਾ ਹੋ ਕੇ ਅੱਠ ਵੱਖ-ਵੱਖ ਬਾਜ਼ਾਰਾਂ ਦਾ ਕੇਂਦਰ ਹੈ। ਚੋਣਾਂ ਦੇ ਸਮੇਂ ਇਹ ਪਾਕਿਸਤਾਨ ਦੀਆਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਵੀ ਬਣ ਜਾਂਦਾ ਹੈ। ਉਹ ਇੱਥੇ ਆਪਣੀਆਂ ਚੋਣ-ਰੈਲੀਆਂ ਕਰਦੀਆਂ ਹਨ ਅਤੇ ਫਿਰ ਆਪਣੇ ਵਰਕਰਾਂ ਤੇ ਵਾਲੰਟੀਅਰਾਂ ਨੂੰ ਲੈ ਕੇ ਇੱਥੋਂ ਜਲੂਸ ਦੀ ਸ਼ਕਲ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਆਪਣਾ ਚੋਣ-ਪ੍ਰਚਾਰ ਕਰਦੀਆਂ ਹਨ। ਇੱਥੇ ਹੋਰ ਵੀ ਕਈ ਕਿਸਮ ਦੇ ਰਾਜਨੀਤਕ ਅਤੇ ਰੋਸ-ਮੁਜ਼ਾਹਰੇ ਹੁੰਦੇ ਰਹਿੰਦੇ ਹਨ। ਇੱਥੋਂ ਹਰ ਸਾਲ ਮਸ਼ਹੂਰ 'ਈਦ ਮਿਲਾਦ ਨਬੀ ਧਾਰਮਿਕ ਮੇਲੇ' ਦੀ ਰੈਲੀ ਕੱਢੀ ਜਾਂਦੀ ਹੈ ਅਤੇ ਮੁਹੱਰਮ ਦਾ ਜਲੂਸ ਵੀ ਇੱਥੋਂ ਹੀ ਆਰੰਭ ਹੁੰਦਾ ਹੈ। ਇਸ ਘੰਟਾ-ਘਰ ਦੀ ਇੱਕ ਖਾਸੀਅਤ ਇਹ ਵੀ ਦੱਸੀ ਜਾਂਦੀ ਹੈ ਹੈ ਕਿ 1960'ਵਿਆਂ ਵਿੱਚ ਪਾਕਿਸਤਾਨ ਦੇ ਮਸ਼ਹੂਰ ਜੱਜ ਮੁਹੰਮਦ ਰੁਸਤਮ ਕਾਇਆਨੀ ਨੇ ਉਸ ਸਮੇਂ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖਾਨ ਦੇ ਰਾਜ ਨੂੰ ਫੈਸਲਾਬਾਦ ਦੇ ਇਸ ਘੰਟਾ-ਘਰ ਦੀ ਉਚਾਈ ਦੇ ਨਾਲ ਵਡਿਆਇਆ ਸੀ। ਉਸ ਦਾ ਕਹਿਣਾ ਸੀ ਕਿ ਜਿਵੇਂ ਇਹ ਉੱਚਾ ਘੰਟਾ-ਘਰ ਸ਼ਹਿਰ ਵਿੱਚ ਦੂਰੋਂ ਹੀ ਵਿਖਾਈ ਦਿੰਦਾ ਹੈ, ਬਿਲਕੁਲ ਓਸੇ ਤਰ੍ਹਾਂ ਜਨਰਲ ਅਯੂਬ ਖਾਨ ਦਾ ਰਾਜ ਵੀ ਚਾਰ-ਚੁਫੇਰਿਉਂ ਦੂਰ-ਦੂਰ ਤੱਕ ਦਿਸਦਾ ਹੈ।


ਆਬਾਦੀ ਦੇ ਪੱਖੋਂ ਫੈਸਲਾਬਾਦ ਪਾਕਿਸਤਾਨ ਦਾ ਤੀਸਰਾ ਵੱਡਾ ਸ਼ਹਿਰ ਹੈ। 2017 ਦੀ ਮਰਦਮ-ਸ਼ੁਮਾਰੀ ਮੁਤਾਬਿਕ ਇਸ ਦੀ ਆਬਾਦੀ 32 ਲੱਖ ਸੀ। 1.49 ਕਰੋੜ ਦੀ ਜਨ-ਸੰਖਿਆ ਨਾਲ ਪਹਿਲਾ ਨੰਬਰ ਕਰਾਚੀ ਦਾ ਹੈ ਅਤੇ ਇਸ ਤੋਂ ਅੱਗੇ ਦੂਸਰਾ ਨੰਬਰ ਲਾਹੌਰ ਦਾ ਹੈ ਜਿਸ ਦੀ ਜਨ-ਸੰਖਿਆ 1.11 ਕਰੋੜ ਹੈ। ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਪਹਿਲਾਂ ਲਾਇਲਪੁਰ ਸ਼ਹਿਰ ਦੀ ਕੋਈ ਹੋਂਦ ਨਹੀਂ ਸੀ ਅਤੇ 1839 ਵਿੱਚ ਮਹਾਂਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਵਿੱਚ ਜਦੋਂ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੋ ਗਏ ਤਾਂ ਉਨ੍ਹਾਂ ਵੱਲੋਂ ਇਸ ਇਲਾਕੇ ਵਿੱਚ 'ਬਾਰਾਂ' ਵਸਾਉਣ ਤੋਂ ਪਿੱਛੋਂ ਇਹ ਸ਼ਹਿਰ ਵਸਾਇਆ ਗਿਆ। ਇਸ ਤਰ੍ਹਾਂ ਇਸ ਦੀ ਗਿਣਤੀ ਪਾਕਿਸਤਾਨ ਦੇ ਅਜੋਕੇ ਨਵੇਂ ਸ਼ਹਿਰਾਂ ਵਿੱਚ ਆਉਂਦੀ ਹੈ। 1979 ਵਿੱਚ ਇਸ ਦਾ ਨਾਂ ਬਦਲ ਕੇ ਅਜੋਕਾ ਨਾਂ 'ਫੈਸਲਾਬਾਦ' ਕਰ ਦਿੱਤਾ ਗਿਆ।

ਫੈਸਲਾਬਾਦ ਦੇ ਘੰਟਾ-ਘਰ ਚੌਂਕ ਵਿੱਚ ਪਹੁੰਚ ਕੇ ਅਸੀਂ ਇਸ ਦੇ ਦੋ ਬਾਜ਼ਾਰਾਂ ਦਾ ਛੋਟਾ ਜਿਹਾ ਚੱਕਰ ਲਾਇਆ। ਇੱਕ ਦੁਕਾਨ ਤੋਂ ਆਈਸ-ਕਰੀਮ ਖਾਧੀ। ਫੈਸਲਾਬਾਦ ਦੇ ਪੰਜਾਬੀਆਂ ਨੇ ਸਾਨੂੰ ਲਾਗਲੀ ਦੁਕਾਨ ਤੋਂ ਲੱਸੀ ਪੀਣ ਦੀ ਸੁਲਾਹ ਮਾਰੀ ਪਰ ਅਸੀਂ ਇਹ ਕਹਿੰਦਿਆਂ ਹੋਇਆਂ ਉਨ੍ਹਾਂ ਦਾ ਧੰਨਵਾਦ ਕਰ ਦਿੱਤਾ ਕਿ ਅਸੀਂ ਹੁਣੇ ਹੀ ਆਈਸ-ਕਰੀਮ ਖਾ ਕੇ ਹਟੇ ਹਾਂ। ਤਬੀਅਤ ਠੀਕ ਨਾ ਹੋਣ ਕਰਕੇ ਪਤਨੀ ਜਗਦੀਸ਼ ਦਾ ਆਈਸ-ਕਰੀਮ ਖਾਣ ਨੂੰ ਮਨ ਨਹੀਂ ਕਰ ਰਿਹਾ ਸੀ ਅਤੇ ਉਸ ਨੇ ਕੇਲੇ ਖਾਣ ਦੀ ਇੱਛਾ ਜ਼ਾਹਿਰ ਕੀਤੀ ਪਰ ਕੇਲੇ ਸਾਨੂੰ ਨੇੜੇ-ਤੇੜੇ ਕਿਧਰੇ ਵੀ ਦਿਖਾਈ ਨਾ ਦਿੱਤੇ। ਇਸ ਦੇ ਲਈ ਮੈਂ ਕੁਝ ਦੂਰ ਵਾਲੀਆਂ ਦੁਕਾਨਾਂ ਦਾ ਵੀ ਗੇੜਾ ਲਗਾ ਕੇ ਆਇਆ ਪਰ ਇਹ ਮੈਨੂੰ ਕਿਤਿਉਂ ਨਾ ਮਿਲੇ। ਇਸ ਦੇ ਬਾਰੇ ਅਸੀਂ ਆਪਸ ਵਿੱਚ ਗੱਲ ਕਰ ਰਹੇ ਸੀ ਕਿ ਇੱਕ ਨੌਜੁਆਨ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ ਕਿ ਇਹ ਇੱਥੋਂ ਨਹੀਂ ਮਿਲਣੇ, ਮੈਂ ਤੁਹਾਨੂੰ ਲਿਆ ਦਿੰਦਾ ਹਾਂ। ਉਸ ਨੇ ਆਪਣੇ ਮੋਟਰਸਾਈਕਲ ਨੂੰ ਕਿੱਕ ਮਾਰੀ ਅਤੇ ਦਸਾਂ ਕੁ ਮਿੰਟਾਂ ਵਿੱਚ ਕੇਲਿਆਂ ਦਾ ਇੱਕ ਵੱਡਾ ਸਾਰਾ ਗੁੱਛਾ ਲੈ ਆਇਆ ਜਿਸ ਵਿੱਚ ਦਰਜਨ ਤੋਂ ਵੀ ਵਧੇਰੇ ਕੇਲੇ ਸਨ। ਉਸ ਨੂੰ ਪੈਸੇ ਦੇਣ ਲਈ ਮੈਂ ਪੈਂਟ ਵਿੱਚੋਂ ਬਟੂਆ ਕੱਢ ਕੇ ਉਸ ਨੂੰ ਪੈਸੇ ਦੇਣ ਲੱਗਾ ਤਾਂ ਉਹ ਮੇਰਾ ਹੱਥ ਆਪਣੇ ਹੱਥ ਨਾਲ ਪਿੱਛੇ ਕਰਦਿਆਂ ਕਹਿਣ ਲੱਗਾ, "ਰਹਿਣ ਦਿਓ, ਸਰਦਾਰ ਜੀ, ਤੁਸੀਂ ਸਾਡੇ ਮਹਿਮਾਨ ਹੋ।" ਇੱਕ ਹੋਰ ਬਾਜ਼ਾਰ ਵਿੱਚ ਥੋੜ੍ਹਾ ਜਿਹਾ ਹੋਰ ਘੁੰਮ ਕੇ ਅਸੀਂ ਲਾਹੌਰ ਨੂੰ ਵਾਪਸੀ ਕਰਨ ਬਾਰੇ ਸੋਚਿਆ। ਦਰਅਸਲ, ਮੈਡਮ ਜਗਦੀਸ਼ ਨੂੰ ਆਰਾਮ ਦੀ ਜ਼ਰੂਰਤ ਸੀ। ਰਸਤੇ ਵਿੱਚ ਇੱਕ ਥਾਂ 'ਤੇ ਚਾਹ-ਪਾਣੀ ਛਕਿਆ ਪੀਤੀ ਅਤੇ ਲਾਹੌਰ ਨੂੰ ਵਾਪਸੀ ਪਾ ਲਈ। ਸ਼ਾਮ ਦੇ ਛੇ ਕੁ ਵਜੇ ਲਾਹੌਰ ਪਹੁੰਚੇ।

### ਮੈਡਮ ਨੂੰ ਹਸਪਤਾਲ ਲਿਜਾਣ ਦੀ ਲੋੜ ਮਹਿਸੂਸ ਹੋਈ

ਹੋਟਲ ਵਿੱਚ ਵਾਪਸ ਪਹੁੰਚ ਕੇ ਅਜੇ ਅਸੀਂ ਕਿਸੇ ਚੰਗੇ ਜਿਹੇ ਡਾਕਟਰ ਕੋਲੋਂ ਦਵਾਈ ਲੈਣ ਬਾਰੇ ਸੋਚ ਹੀ ਰਹੇ ਸੀ ਕਿ ਸੁਹੇਲ ਕਹਿਣ ਲੱਗੇ, "ਮੈਡਮ ਹੁਰਾਂ ਨੂੰ ਹਸਪਤਾਲ ਲੈ ਚੱਲੀਏ ਅਤੇ ਉੱਥੇ ਜਾ ਕੇ ਡਰਿੱਪ ਲਵਾਈਏ। ਮੈਨੂੰ ਤਾਂ ਇਹ 'ਡਾਇਰੀਏ' ਵਾਲੀ ਹਾਲਤ ਹੋ ਗਈ ਜਾਪਦੀ ਹੈ ਅਤੇ ਤੁਹਾਡੀ ਕੱਲ੍ਹ ਨੂੰ ਵਾਪਸੀ ਵੀ ਹੈ। ਛੋਟੀ-ਮੋਟੀ ਦਵਾਈ ਦੇ ਨਾਲ ਜਲਦੀ ਆਰਾਮ ਨਹੀਂ ਆਉਣ ਲੱਗਾ।" ਸੁਹੇਲ ਦੇ ਇਸ ਮਸ਼ਵਰੇ 'ਤੇ ਮੈਂ ਅਤੇ ਜਗਦੀਸ਼ ਉਸ ਦੇ ਨਾਲ ਲਾਹੌਰ ਦੇ 'ਨੂਰ ਹਸਪਤਾਲ' ਪਹੁੰਚੇ ਜੋ ਉਸ ਦੇ ਘਰ ਦੇ ਨਜ਼ਦੀਕ ਹੀ ਪੈਂਦਾ ਸੀ ਅਤੇ ਉਸ ਦਾ ਮਾਲਕ ਡਾਕਟਰ ਮੁਹੰਮਦ ਰਫੀਕ ਉਸ ਦਾ ਚੰਗਾ ਜਾਣਕਾਰ ਸੀ। ਗੱਡੀ ਪਾਰਕਿੰਗ ਵਿੱਚ ਲਗਾ ਕੇ ਜਾਂਦਿਆਂ ਹੀ ਸੁਹੇਲ ਨੇ ਕਾਊਂਟਰ ਤੋਂ ਦਾਖ਼ਲਾ ਫੀਸ 300 ਰੁਪਏ ਦੀ 'ਆਓਟ ਡੋਰ ਪੇਸ਼ੈਂਟ' ਪਰਚੀ ਕਟਾਈ ਅਤੇ ਅਸੀਂ ਸਿੱਧੇ ਡਾਕਟਰ ਕੋਲ ਚਲੇ ਗਏ। ਸੁਹੇਲ ਨੇ ਡਾਕਟਰ ਸਾਹਿਬ ਨੂੰ ਦੱਸਿਆ ਕਿ ਇਹ ਮੇਰੇ ਮਹਿਮਾਨ ਕੈਨੇਡਾ ਤੋਂ ਆਏ ਹਨ ਅਤੇ ਮੈਡਮ ਹੁਰਾਂ ਦੀ ਤਬੀਅਤ ਰਾਤ ਤੋਂ ਖ਼ਰਾਬ ਚੱਲ ਰਹੀ ਹੈ। ਜਦੋਂ ਉਨ੍ਹਾਂ ਉਲਟੀਆਂ ਤੇ ਲੂਜ਼-ਇਮੋਸ਼ਨਜ਼ ਦੀ ਗੱਲ ਦੱਸੀ ਤਾਂ ਡਾਕਟਰ ਸਾਹਿਬ ਓਸੇ ਵੇਲੇ ਸਮਝ ਗਏ ਕਿ ਇਹ ਡਾਇਰੀਆ ਦਾ ਕੇਸ ਹੈ। ਉਨ੍ਹਾਂ ਇਕ ਨਰਸ ਨੂੰ ਨਾਲ਼ ਵਾਲੇ ਕੈਬਿਨ ਵਿੱਚ ਫਟਾਫਟ ਡਰਿੱਪ ਲਗਾਉਣ ਲਈ ਕਿਹਾ ਅਤੇ ਦੂਸਰੀ ਨੂੰ ਪਰਚੀ ਦੇ ਕੇ ਫੀਸ ਵਾਲੇ ਪੈਸੇ ਵਾਪਸ ਲਿਆਉਣ ਲਈ ਕਹਿ ਦਿੱਤਾ। ਅਸੀਂ ਉਨ੍ਹਾਂ ਨੂੰ ਬਥੇਰਾ ਕਿਹਾ ਕਿ ਪਰਚੀ ਦੇ ਇਹ ਪੈਸੇ ਰੱਖ ਲਓ ਪਰ ਉਹ ਅੱਗੋਂ











ਕਹਿਣ ਲੱਗੇ, "ਤੁਸੀਂ ਸਾਡੇ ਮਹਿਮਾਨ ਹੋ ਅਤੇ ਮੈਂ ਮਹਿਮਾਨਾਂ ਕੋਲੋਂ ਫੀਸ ਕਿਵੇਂ ਲੈ ਸਕਦਾ ਹਾਂ।" ਹੋਰ ਤਾਂ ਹੋਰ ਉਨ੍ਹਾਂ ਨੇ ਸਾਡੇ ਕੋਲੋਂ ਦਵਾਈ ਦੇ ਵੀ ਕੋਈ ਪੈਸੇ ਨਾ ਲਏ। ਡਰਿੱਪ ਦੀਆਂ ਵਾਰੋ-ਵਾਰੀ ਤਿੰਨ ਬੋਤਲਾਂ ਲੱਗੀਆਂ ਅਤੇ ਇਸ ਦੇ ਲਈ ਸਾਨੂੰ ਉੱਥੇ ਹਸਪਤਾਲ ਵਿੱਚ ਦੋ ਘੰਟੇ ਤੋਂ ਵੀ ਵਧੇਰੇ ਸਮਾਂ ਲੱਗ ਗਿਆ।

ਹਸਪਤਾਲ ਜਾਂਦੇ ਸਮੇਂ ਸੁਹੇਲ ਨੇ ਆਪਣੀ ਬੇਗ਼ਮ ਸਾਹਿਬਾਂ ਨੂੰ 'ਮਹਿਮਾਨ ਮਰੀਜ਼' ਦੇ ਲਈ ਖਿਚੜੀ ਬਨਾਉਣ ਲਈ ਫੋਨ ਕਰ ਦਿੱਤਾ ਸੀ। ਹਸਪਤਾਲੋਂ ਵਿਹਲੇ ਹੋ ਕੇ ਅਸੀਂ ਸੁਹੇਲ ਦੇ ਘਰ ਨੂੰ ਚੱਲ ਪਏ। ਉਸ ਨੇ ਰਾਹ ਵਿੱਚੋਂ ਹੀ ਆਪਣੀ ਬੇਗ਼ਮ ਨੂੰ ਫੋਨ ਕਰ ਦਿੱਤਾ ਕਿ ਖਿਚੜੀ ਵਾਲਾ ਬਰਤਨ ਲੈ ਕੇ ਉਹ ਗੇਟ 'ਤੇ ਖਲੋਣ, ਕਿਉਂਕਿ ਅਸੀਂ ਹੋਟਲ ਵਾਪਸ ਜਲਦੀ ਪਹੁੰਚਣਾ ਚਾਹੁੰਦੇ ਸੀ। ਸਾਡੇ ਉੱਥੇ ਪਹੁੰਚਣ 'ਤੇ ਉਹ ਆਪਣੀ ਧੀ ਦੇ ਨਾਲ ਘਰ ਦੇ ਗੇਟ ਵਿੱਚ ਖੜੀ ਸਾਡੀ ਉਡੀਕ ਕਰ ਰਹੀ ਸੀ।

### 'ਅਲਬੇਲਾ ਤੇ ਗੋਗਾ ਜੋੜੀ' ਨਾਲ ਡਿਨਰ ਅਤੇ ਇੰਟਰਵਿਊ

ਉਸ ਦਿਨ ਸ਼ਾਮ ਨੂੰ ਅਸੀਂ ਲਾਹੌਰ ਦੇ ਮਸ਼ਹੂਰ ਹਾਸਰਸ-ਕਲਾਕਾਰਾਂ ਸਲੀਮ ਅਲਬੇਲਾ ਤੇ ਗੋਗਾ ਪਸਰੂਰੀ ਨੂੰ ਖਾਣੇ 'ਤੇ ਬੁਲਾਇਆ ਹੋਇਆ ਸੀ ਅਤੇ ਬਾਅਦ ਵਿੱਚ ਭੈਣ ਗੁਰਚਰਨ ਨੇ ਉਨ੍ਹਾਂ ਦੋਹਾਂ ਨਾਲ ਇੰਟਰਵਿਊ ਵੀ ਕਰਨੀ ਸੀ। ਦੋਹਾਂ ਕਲਾਕਾਰਾਂ ਦੀ ਇਹ ਜੋੜੀ ਲਹਿੰਦੇ ਪੰਜਾਬ ਵਿੱਚ 'ਸਲੀਮ ਤੇ ਗੋਗਾ ਜੋੜੀ' ਦੇ ਨਾਂ ਨਾਲ ਮਸ਼ਹੂਰ ਹੈ। ਯੂਟਿਊਬ 'ਤੇ ਸਲੀਮ ਅਲਬੇਲਾ ਦਾ ਆਪਣਾ ਚੈਨਲ ਹੈ ਅਤੇ ਉਹ ਆਪਣੀਆਂ ਵੀਡੀਓਜ਼ ਇਸ ਚੈਨਲ ਉੱਪਰ ਅਕਸਰ ਪਾਉਂਦਾ ਰਹਿੰਦਾ ਹੈ। ਲੋਕਾਂ ਵੱਲੋਂ ਇਨ੍ਹਾਂ ਵੀਡੀਓਜ਼ ਨੂੰ ਕਾਫੀ ਪਸੰਦ ਕੀਤਾ ਜਾਂਦਾ ਹੈ। ਹਸਪਤਾਲੋਂ ਵਾਪਸ ਆਉਂਦਿਆਂ ਅਸੀਂ ਕੁਝ ਲੇਟ ਹੋ ਗਏ ਸੀ ਅਤੇ ਸਾਡੇ ਉੱਥੇ ਪਹੁੰਚਦਿਆਂ ਨੂੰ ਉਹ ਹੋਟਲ ਵਿੱਚ ਅਹਿਮਦ ਰਜ਼ਾ, ਸੁਖਵਿੰਦਰ ਤੇ ਗੁਰਚਰਨ ਦੇ ਨਾਲ ਖਾਣਾ ਖਾ ਰਹੇ ਸਨ। ਜਗਦੀਸ਼ ਨੇ ਤਾਂ ਸੁਹੇਲ ਵੱਲੋਂ ਲਿਆਂਦੀ ਗਈ ਖਿਚੜੀ ਹੀ ਖਾਣੀ ਸੀ ਅਤੇ ਮੈਂ ਉਸ ਨੂੰ ਕਮਰੇ ਵਿੱਚ ਛੱਡ ਆਇਆ। ਹੇਠਾਂ ਵਾਪਸ ਆ ਕੇ ਮੈਂ ਤੇ ਸੁਹੇਲ ਵੀ ਉਨ੍ਹਾਂ ਦੇ ਨਾਲ ਖਾਣੇ ਵਿੱਚ ਸ਼ਾਮਲ ਹੋ ਗਏ।

ਖਾਣੇ ਤੋਂ ਵਿਹਲੇ ਹੋ ਕੇ ਅਸੀਂ ਹੋਟਲ ਦੀ ਲਾਬੀ ਵਿੱਚ ਆ ਗਏ ਅਤੇ ਉੱਥੇ ਸਜੇ ਹੋਏ ਦੋ ਸੋਫਿਆਂ 'ਤੇ ਸੱਜ ਗਏ। ਅਹਿਮਦ ਰਜ਼ਾ ਵੱਲੋਂ ਸਲੀਮ ਅਲਬੇਲਾ ਤੇ ਉਸ ਦੇ ਸਾਥੀ ਗੋਗਾ ਨੂੰ ਇੱਕ ਸੋਫੇ 'ਤੇ ਬੈਠਣ ਲਈ ਕਿਹਾ ਗਿਆ ਅਤੇ ਉਨ੍ਹਾਂ ਦੋਹਾਂ ਦੇ ਵਿਚਕਾਰ ਬੈਠ ਕੇ ਗੁਰਚਰਨ ਨੇ ਉਨ੍ਹਾਂ ਨਾਲ ਇੰਟਰਵਿਊ ਸ਼ੁਰੂ ਕਰ ਦਿੱਤੀ। ਫੈਸਲ ਨੇ ਆਪਣੇ ਕੈਮਰੇ ਨੂੰ ਬਾਕਾਇਦਾ ਤਿਪਾਈ 'ਤੇ ਟਿਕਾਇਆ ਹੋਇਆ ਸੀ ਅਤੇ ਉਹ ਇਸ ਉੱਪਰ ਬਰਾਬਰ ਨਜ਼ਰ ਰੱਖ ਰਿਹਾ ਸੀ। ਇੰਟਰਵਿਊ ਵਿਚ ਗੁਰਚਰਨ ਵੱਲੋਂ ਉਨ੍ਹਾਂ ਦੋਹਾਂ ਦੇ ਪਰਿਵਾਰਕ ਪਿਛੋਕੜ ਅਤੇ ਕਾਮੇਡੀ-ਕਲਾ ਵਿੱਚ ਆਉਣ ਬਾਰੇ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਹਾਸਿਆਂ ਅਤੇ ਕਿਲਕਾਰੀਆਂ ਭਰੀ ਆਵਾਜ਼ ਵਿਚ ਦਿੱਤੇ ਗਏ। ਇੰਟਰਵਿਊ ਦੇ ਅਖੀਰ ਵੱਲ ਵੱਧਦਿਆਂ ਗੁਰਚਰਨ ਨੇ ਉਨ੍ਹਾਂ ਨੂੰ ਆਪਣੀ ਕਿਸੇ ਛੋਟੀ ਜਿਹੀ ਸਕਿੱਟ ਦਾ ਨਮੂੰਨਾ ਪੇਸ਼ ਕਰਨ ਲਈ ਕਿਹਾ ਅਤੇ ਉਨ੍ਹਾਂ ਨੇ ਦੋ ਕੁ ਮਿੰਟ ਦੀ ਆਪਣੀ ਸਕਿੱਟ ਵਿੱਚ ਸਾਨੂੰ ਨੇੜੇ ਬੈਠਿਆਂ ਨੂੰ ਉੱਚੀ-ਉੱਚੀ ਹੱਸਣ ਲਈ ਮਜਬੂਰ ਕਰ ਦਿੱਤਾ। ਹੋ ਸਕਦਾ ਹੈ ਕਿ ਸਾਡੇ ਉਸ ਹਾਸੇ ਦੀ ਆਵਾਜ਼ ਫੈਸਲ ਦੇ ਕੈਮਰੇ ਵਿੱਚ ਵੀ ਆ ਗਈ ਹੋਵੇ। ਰਾਤ ਦੇ ਗਿਆਰਾਂ ਵੱਜ ਰਹੇ ਸਨ। ਸਲੀਮ ਅਲਬੇਲਾ ਤੇ ਉਸ ਦੇ ਸਾਥੀ ਗੋਗਾ ਨੇ ਸਾਡੇ ਕੋਲੋਂ ਵਿਦਾ ਲਈ ਅਤੇ ਅਸੀਂ ਵੀ ਰਜ਼ਾ, ਸੁਹੇਲ ਅਤੇ ਫੈਸਲ ਹੁਰਾਂ ਨੂੰ 'ਗੁੱਡ-ਨਾਈਟ' ਕਹਿੰਦੇ ਹੋਏ ਹੋਟਲ ਦੀ ਨੌਵੀਂ ਮੰਜ਼ਲ 'ਤੇ ਸਥਿਤ ਆਪਣੇ ਕਮਰਿਆਂ ਵੱਲ ਚੱਲ ਪਏ।


## NEEDED FULL-TIME CONSTRUCTION WORKER

*(Required Canadian Citizen or Permanent Resident)*

**Decon Construction Inc. is a small business in Brampton, ON L6X 2M1. We are professional, fast-paced, and demanding.** We are looking for a Construction Worker to join our team and assist in the completion of various construction projects. The ideal candidate for this position will have experience in the construction industry, be able to lift heavy objects, and have a strong work ethic. The successful candidate will be responsible for a variety of tasks, including demolition, digging trenches, mixing concrete, and cleaning up job sites.

**Responsibilities:**
- Load, unload and transport construction materials
- Operate mobile and tower cranes to lift, move, position or place equipment and materials
- Clean and lubricate cranes
- Erect and dismantle concrete forms, scaffolding, ramps, catwalks shoring and barricades
- Operate pile driving cranes to drive pilings into earth to provide support for buildings and other structures
- Mix, pour and spread materials
- Operate cranes equipped with dredging attachments to dredge waterways and other areas
- Assemble tower cranes on site
- Assist heavy equipment operators
- Operate gantry cranes to load and unload ship cargo at port side
- Assist in drilling and blasting rock on construction sites
- Assist in framing houses, erecting walls and building roofs
- Level earth to fine grade specifications
- Assist in demolishing buildings
- Perform pre-operational inspection, and calculate crane capacities and weight to prepare for rigging and hoisting
- Perform routine maintenance work
- Clean up chemical spills and other contaminants
- Remove rubble and other debris at construction sites
- Tend or feed machines or equipment used in construction
- Direct traffic at or near construction sites
- Read and interpret blueprints

**Additional Information**
Work conditions and physical capabilities
- Fast-paced environment
- Work under pressure
- Physically demanding
- Handling heavy loads
- Hand-eye co-ordination

**Personal suitability**
- Dependability
- Flexibility
- Reliability
- Team player

**Experience**
Experience an asset
Work site environment
- Outdoors
- At heights
- Noisy

**Job Type: Full-time**
**Salary: $27.00 per hour**

**Benefits:**
- Paid time off

**Flexible Language Requirement:**
- French not required

**Language:**
- English (preferred)

**Schedule:**
- Monday to Friday

**Supplemental pay types:**
- Overtime pay

**Ability to commute/relocate:**
- Brampton, ON L6X 2M1: reliably commute or plan to relocate before starting work (required)

**Experience:**
- construction (preferred)

**Shift availability:**
- Day Shift (preferred)

**Work Location:** In person

**Submit Resume:**
naeem@decongroup.ca

# ਮੁੱਖ ਮੰਤਰੀ ਦੀ ਅਗਵਾਈ ਹੇਠ ਵਿਧਾਨ ਸਭਾ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ

ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਨੇ ਉੱਘੀਆਂ ਸ਼ਖ਼ਸੀਅਤਾਂ, ਜਿਨ੍ਹਾਂ ਵਿੱਚ ਸਿਆਸੀ ਹਸਤੀਆਂ, ਸੁਤੰਤਰਤਾ ਸੰਗਰਾਮੀ, ਸ਼ਹੀਦ, ਖਿਡਾਰੀ ਤੇ ਉੜੀਸਾ ਰੇਲ ਹਾਦਸੇ ਵਿੱਚ ਜਾਨਾਂ ਗਵਾਉਣ ਵਾਲੇ ਸ਼ਾਮਲ ਹਨ, ਨੂੰ ਸ਼ਰਧਾਂਜਲੀ ਭੇਟ ਕੀਤੀ।



16ਵੀਂ ਵਿਧਾਨ ਸਭਾ ਦੇ ਚੌਥੇ ਸੈਸ਼ਨ ਦੀ ਬੈਠਕ ਦੌਰਾਨ ਸਦਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਇਲਾਵਾ ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ, ਸਾਬਕਾ ਡਿਪਟੀ ਸਪੀਕਰ ਜਸਵੰਤ ਸਿੰਘ, ਸਾਬਕਾ ਵਿਧਾਇਕ ਰੁਮਾਲ ਚੰਦ, ਸੁਤੰਤਰਤਾ ਸੰਗਰਾਮੀ ਉਜਾਗਰ ਸਿੰਘ, ਸ਼ਹੀਦ ਮਨਦੀਪ ਸਿੰਘ ਹਵਲਦਾਰ, ਸ਼ਹੀਦ ਕੁਲਵੰਤ ਸਿੰਘ ਚੜਿੱਕ, ਸ਼ਹੀਦ ਸਿਪਾਹੀ ਹਰਕ੍ਰਿਸ਼ਨ ਸਿੰਘ ਤੇ ਸ਼ਹੀਦ ਸਿਪਾਹੀ ਸੇਵਕ ਸਿੰਘ, ਉੱਘੇ ਖਿਡਾਰੀ ਕੌਰ ਸਿੰਘ ਤੇ ਕਿਰਨ ਅਜੀਤ ਪਾਲ ਸਿੰਘ, ਪ੍ਰਸਿੱਧ ਅਦਾਕਾਰ ਮੰਗਲ ਢਿੱਲੋਂ ਅਤੇ ਸ਼ਹੀਦ ਨਾਇਬ ਸੂਬੇਦਾਰ ਬਲਬੀਰ ਸਿੰਘ ਰਾਣਾ ਨੂੰ ਸ਼ਰਧਾਂਜਲੀ ਭੇਟ ਕੀਤੀ।

ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਬੰਧਤ ਪਰਿਵਾਰਾਂ ਨੂੰ ਸਦਨ ਵੱਲੋਂ ਸ਼ੋਕ ਸੁਨੇਹੇ ਭੇਜਣ ਬਾਰੇ ਮਤਾ ਲਿਆਂਦਾ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ। ਸ਼ਰਧਾਂਜਲੀ ਭੇਟ ਕਰਨ ਦੌਰਾਨ ਵਿਛੜੀਆਂ ਰੂਹਾਂ ਦੇ ਸਨਮਾਨ ਵਿੱਚ ਦੋ ਮਿੰਟ ਦਾ ਮੌਨ ਵੀ ਧਾਰਨ ਕੀਤਾ ਗਿਆ ਸੀ।

# ਸਿਹਤ ਪ੍ਰਤੀ ਜਾਗਰੂਕਤਾ ਲਈ ਸਾਂਝਾ ਰੱਨ-ਕਮ-ਵਾੱਕ ਈਵੈਂਟ 'ਇੰਸਪੀਰੇਸ਼ਨਲ ਸਟੱਪਸ-2023 ਹੋਵੇਗਾ 16 ਜੁਲਾਈ ਨੂੰ

## ਰਜਿਸਟ੍ਰੇਸ਼ਨ ਜ਼ੋਰਾਂ 'ਤੇ






ਬਰੈਂਪਟਨ, (ਡਾ. ਝੰਡ) – ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਬਰੈਂਪਟਨ ਵਿੱਚ ਪਿਛਲੇ ਲੰਮੇਂ ਸਮੇਂ ਤੋਂ ਵਿਚਰ ਰਹੀਆਂ ਸੱਤ ਪ੍ਰਮੁੱਖ ਸੰਸਥਾਵਾਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ', 'ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ', 'ਡਰੱਗ ਅਵੇਅਰਨੈੱਸ ਸੋਸਾਇਟੀ', 'ਪਿੰਗਲਵਾੜਾ ਸੋਸਾਇਟੀ' ਅਤੇ 'ਸਹਾਇਤਾ ਫਾਊਂਡੇਸ਼ਨ' ਵੱਲੋਂ ਮਿਲ ਕੇ ਸਾਂਝਾ 'ਰੱਨ-ਕਮ-ਵਾਕ' ਈਵੈਂਟ 'ਇੰਸਪੀਰੇਸ਼ਨਲ ਸਟੱਪਸ-202 ਆਯੋਜਿਤ ਕਰਵਾਇਆ ਜਾ ਰਿਹਾ ਹੈ।

ਇਹ ਈਵੈਂਟ ਬਰੈਂਪਟਨ ਦੇ ਚਿੰਗੁਆਕੁਜ਼ੀ ਪਾਰਕ ਦੇ ਟੈਰੀਫ਼ਾਕਸ ਟਰੈਕ ਐਂਡ ਫ਼ੀਲਡ ਵਿੱਚ 16 ਜੁਲਾਈ ਨੂੰ ਸਵੇਰੇ 8.30 ਵਜੇ ਆਰੰਭ ਹੋਵੇਗਾ ਅਤੇ ਇਸ ਵਿੱਚ ਭਾਗ ਲੈਣ ਵਾਲਿਆਂ ਲਈ ਰਜਿਸਟ੍ਰੇਸ਼ਨ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਸ ਦੇ ਲਈ ਰਜਿਸਟ੍ਰੇਸ਼ਨ ਫ਼ੀਸ 18 ਸਾਲ ਜਾਂ ਇਸ ਤੋਂ ਵੱਡੇ ਬਾਲਗ਼ਾ ਲਈ 25 ਡਾਲਰ ਅਤੇ 10 ਤੋਂ 17 ਸਾਲ ਦੇ ਨੌਜੁਆਨਾਂ ਲਈ 10 ਡਾਲਰ ਹੈ। 10 ਸਾਲ ਤੋਂ ਛੋਟੇ ਬੱਚਿਆਂ ਲਈ ਇਹ ਰਜਿਸਟ੍ਰਸ਼ਨ ਫ਼ਰੀ ਹੈ।

ਪ੍ਰਾਪਤ ਸੂਚਨਾ ਅਨੁਸਾਰ 12 ਜੂਨ ਤੱਕ 323 ਦੌੜਾਕ ਤੇ ਵੱਾਕਰ ਇਸ ਦੇ ਲਈ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਜਿਸ ਵਿੱਚ ਟੀਪੀਏਆਰ ਕਲੱਬ ਦੇ 109, ਐੱਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ ਦੇ 71, ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ 69, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ 32, ਪਿੰਗਲਵਾੜਾ ਸੋਸਾਇਟੀ ਦੇ 13, ਖਾਲਸਾ ਏਡ ਦੇ 11, ਤਰਕਸ਼ੀਲ ਸੋਸਾਇਟੀ ਦੇ 11, ਡਰੱਗ ਅਵੇਅਰਨੈੱਸ ਸੋਸਾਇਟੀ ਦੇ 7 ਅਤੇ ਸਹਾਇਤਾ ਫ਼ਾਊਂਡੇਸ਼ਨ ਦੇ ਇੱਕ ਮੈਂਬਰ ਸ਼ਾਮਲ ਹਨ। ਇਹ ਰਜਿਸਟ੍ਰੇਸ਼ਨ ਆਨ-ਲਾਈਨ ਅਤੇ ਨਿੱਜੀ ਤੌਰ 'ਤੇ ਦੋਵੇਂ ਤਰ੍ਹਾਂ ਹੋ ਰਹੀ ਹੈ। ਇਸ ਈਵੈਂਟ ਵਿੱਚ ਭਾਗ ਲੈਣ ਦੇ ਚਾਹਵਾਨ ਉਪਰੋਕਤ ਸੰਸਥਾਵਾਂ ਨਾਲ ਸੰਪਰਕ ਕਰ ਸਕਦੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਸੰਧੂਰਾ ਸਿੰਘ ਬਰਾੜ (416-275-9337), ਨਰਿੰਦਰ ਪਾਲ ਬੈਂਸ (647-893-3656), ਪਰਮਜੀਤ ਸਿੰਘ ਢਿੱਲੋਂ ( 416-500-1124) ਜਾਂ ਮਨਜੀਤ ਸਿੰਘ ਨੌਟਾ (416-301-1968) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇੱਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉੱਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੇਸਾ

ਸੈਲ ਐਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਮੁੱਖ ਮੰਤਰੀ ਦੀ ਅਗਵਾਈ ਵਿਚ ਵਜ਼ਾਰਤ ਵੱਲੋਂ ਸਿੱਖ ਗੁਰਦੁਆਰਾ (ਸੋਧ) ਬਿੱਲ-2023 ਨੂੰ ਹਰੀ ਝੰਡੀ

**ਪਾਵਨ ਗੁਰਬਾਣੀ ਦਾ ਮੁਫ਼ਤ ਪ੍ਰਸਾਰਨ ਕਰਨ ਲਈ 'ਅਜੋਕੇ ਸਮੇਂ ਦੇ ਮਸੰਦਾਂ' ਦੇ ਕੰਟਰੋਲ ਤੋਂ ਮੁਕਤ ਕਰਨ ਲਈ ਰਾਹ ਪੱਧਰਾ ਕਰੇਗਾ ਬਿੱਲ**



ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਅੱਜ ਕਿਹਾ ਕਿ ਸਿੱਖ ਗੁਰਦੁਆਰਾ (ਸੋਧ) ਐਕਟ-2023 ਪਵਿੱਤਰ ਗੁਰਬਾਣੀ ਦਾ ਮੁਫ਼ਤ ਪ੍ਰਸਾਰਨ ਕਰਨ ਲਈ 'ਅਜੋਕੇ ਸਮੇਂ ਦੇ ਮਸੰਦਾਂ' ਦੇ ਕੰਟਰੋਲ ਤੋਂ ਮੁਕਤ ਕਰਨ ਲਈ ਰਾਹ ਪੱਧਰਾ ਕਰੇਗਾ।

ਇੱਥੇ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਅੱਜ 'ਦਾ ਸਿੱਖ ਗੁਰਦੁਆਰਾ ਐਕਟ-1925' ਵਿਚ ਸੋਧ ਕਰਨ ਅਤੇ ਇਸ ਵਿਚ ਧਾਰਾ 125-ਏ ਸ਼ਾਮਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਵਨ ਗੁਰਬਾਣੀ ਦਾ ਪ੍ਰਸਾਰਨ ਮੁਫ਼ਤ ਕਰਨ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੋਢਿਆਂ ਉਤੇ ਪਵੇਗੀ। ਉਨ੍ਹਾਂ ਕਿਹਾ ਕਿ ਇਸ ਸੋਧ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਬਿਨਾਂ ਕਿਸੇ ਅਦਾਇਗੀ ਦੇ ਸਮੁੱਚੀ ਮਾਨਵਤਾ ਗੁਰਬਾਣੀ ਕੀਰਤਨ ਸਰਵਣ ਕਰੇ ਅਤੇ ਗੁਰਬਾਣੀ ਦਾ ਲਾਈਵ ਪ੍ਰਸਾਰਨ ਦੇਖ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਸ ਕਦਮ ਨਾਲ ਪਵਿੱਤਰ ਗੁਰਬਾਣੀ ਦਾ ਕਿਸੇ ਵੀ ਢੰਗ ਨਾਲ ਵਪਾਰੀਕਰਨ ਨਹੀਂ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਐਕਟ ਸਿੱਖ ਗੁਰਦੁਆਰਾ (ਸੋਧ) ਐਕਟ-2023 ਦੇ ਨਾਮ ਹੇਠ ਹੋਵੇਗਾ ਜੋ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੋਣ ਦੀ ਤਰੀਕ ਤੋਂ ਲਾਗੂ ਹੋਵੇਗਾ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਲਈ ਧਾਰਾ-125 ਤੋਂ ਬਾਅਦ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ-125-ਏ ਵੀ ਦਰਜ ਕੀਤੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਇਸ ਐਕਟ ਵਿੱਚ ਇਹ ਵਿਵਸਥਾ ਹੋਵੇਗੀ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਲਈ ਬੋਰਡ ਦੀ ਡਿਊਟੀ (ਸ਼੍ਰੋਮਣੀ ਕਮੇਟੀ) ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਜ਼, ਪਲੇਟਫਾਰਮ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਲਈ ਹੋਵੇਗੀ। ਇਸ ਐਕਟ ਵਿਚ ਇਹ ਵਿਵਸਥਾ ਵੀ ਹੋਵੇਗੀ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉਤੇ ਇਸ਼ਤਿਹਾਰਬਾਜ਼ੀ/ਵਪਾਰੀਕਰਨ/ਵਿਗਾੜ ਨਾ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਇਕ ਨਿਮਾਣੇ ਤੇ ਸ਼ਰਧਾਵਾਨ ਸਿੱਖ ਵਜੋਂ ਉਹ ਦੁਨੀਆ ਭਰ ਵਿਚ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਲਈ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ। ਭਗਵੰਤ ਮਾਨ ਨੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਇਕ ਵਿਸ਼ੇਸ਼ ਚੈਨਲ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਉਤੇ ਕੰਟਰੋਲ ਕੀਤੇ ਹੋਣ ਦੀ ਮੁਖਾਲਫ਼ਤ ਕਰਨ ਨਾਲ ਪੰਥ ਉਤੇ ਹਮਲਾ ਕਿਵੇਂ ਆਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸਾਰਨ ਦੇ ਹੱਕ ਇਕ ਚੈਨਲ ਤੱਕ ਸੀਮਿਤ ਰੱਖਣਾ ਪੂਰੀ ਤਰ੍ਹਾਂ ਅਨਿਆਂਪੂਰਨ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਸਰਕਾਰ ਦੇ ਕਿਸੇ ਵਿਸ਼ੇਸ਼ ਚੈਨਲ ਜਾਂ ਪ੍ਰਾਈਵੇਟ ਤੌਰ ਉਤੇ ਕਿਸੇ ਵਿਅਕਤੀ ਨੂੰ ਦੇਣ ਦਾ ਨਹੀਂ ਹੈ ਸਗੋਂ ਇਸ ਦਾ ਮਨੋਰਥ ਦੁਨੀਆ ਦੇ ਕੋਨੇ-ਕੋਨੇ ਵਿਚ ਗੁਰਬਾਣੀ ਦਾ ਸੰਦੇਸ਼ ਫੈਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰ-ਰਾਜੀ ਐਕਟ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਲੰਮੇ ਸਮੇਂ ਤੋਂ ਇੱਕ ਹੀ ਪਰਿਵਾਰ ਦਾ ਦਬਦਬਾ ਰਿਹਾ ਹੈ, ਜਿਸ ਕਾਰਨ ਸਿੱਖ ਪੰਥ ਦਾ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਗੰਦੀ ਖੇਡ ਖੇਡਦੇ ਹੋਏ ਇਸ ਪਰਿਵਾਰ ਨੇ ਆਪਣੇ ਚਹੇਤੇ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਨ ਦਾ ਵਿਸ਼ੇਸ਼ ਅਧਿਕਾਰ ਦੇ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ ਜਦਕਿ ਐਕਟ ਵਿੱਚ ਸ਼ਬਦ ਟੈਲੀਕਾਸਟ ਜਾਂ ਪ੍ਰਸਾਰਨ ਦਾ ਕੋਈ ਜ਼ਿਕਰ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਉਂ ਜੋ ਲੋਕ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਸਰਵਣ ਕਰਨਾ ਚਾਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਇਸ ਚੈਨਲ ਲਈ ਅਦਾਇਗੀ ਕਰਨੀ ਪੈਂਦੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਇਸ ਚੈਨਲ ਦਾ ਪੈਕੇਜ ਹੋਰ ਚੈਨਲਾਂ ਦੇ ਨਾਲ ਦਿੱਤਾ ਗਿਆ ਹੈ ਜੋ ਬਹੁਤ ਮਹਿੰਗਾ ਹੈ ਅਤੇ ਆਮ ਆਦਮੀ ਇਸ ਦਾ ਬੋਝ ਨਹੀਂ ਸਹਿਣ ਕਰ ਸਕਦਾ। ਭਗਵੰਤ ਮਾਨ ਨੇ ਅਫਸੋਸ ਜ਼ਾਹਰ ਕੀਤਾ ਕਿ ਸਿੱਖ ਗੁਰਦੁਆਰਾ ਐਕਟ-1925 ਰਾਹੀਂ ਬਣਾਈ ਗਈ ਸ਼੍ਰੋਮਣੀ ਕਮੇਟੀ ਨੂੰ ਗੁਰਬਾਣੀ ਦਾ ਪ੍ਰਚਾਰ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ, ਪਰ ਇਸ ਨੇ ਆਪਣੇ ਇਕ ਪਰਿਵਾਰ ਦਾ ਹੱਥਠੋਕਾ ਬਣ ਕੇ ਆਪਣਾ ਫਰਜ਼ ਭੁਲਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ 11 ਸਾਲ ਬੀਤ ਚੁੱਕੇ ਹਨ ਅਤੇ ਅਜੇ ਤੱਕ ਸੂਬੇ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਪ੍ਰਧਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਸਿਰਫ਼ ਇਸ ਲਈ ਹਟਾ ਰਹੇ ਹਨ ਕਿਉਂਕਿ ਉਹ ਉਸ ਪਰਿਵਾਰ ਦੇ ਰਾਹ 'ਤੇ ਨਹੀਂ ਚੱਲ ਰਹੇ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਇਹ ਐਕਟ ਪੰਥ 'ਤੇ ਕੋਈ ਹਮਲਾ ਨਹੀਂ ਹੈ ਸਗੋਂ ਇਹ ਪਵਿੱਤਰ ਗੁਰਬਾਣੀ ਦਾ ਵਿਸ਼ਵ ਭਰ ਵਿਚ ਮੁਫਤ ਪ੍ਰਸਾਰਨ ਯਕੀਨੀ ਬਣਾਉਣ ਲਈ ਇਕ ਨਿਮਾਣਾ ਜਿਹਾ ਉਪਰਾਲਾ ਹੈ।

# ਕਾਰ ਵਿਚ ਫਸੇ ਤਿੰਨ ਬੱਚਿਆਂ ਦੀ ਸਾਹ ਘੁੱਟਣ ਕਾਰਨ ਹੋਈ ਮੌਤ



ਨਾਗਪੁਰ, 19 ਜੂਨ (ਪੋਸਟ ਬਿਊਰੋ): ਨਾਗਪੁਰ ਵਿਚ ਖੇਡਣ ਲਈ ਕਾਰ 'ਚ ਫਸੇ ਤਿੰਨ ਬੱਚਿਆਂ ਦੀ ਸਾਹ ਘੁੱਟਣ ਨਾਲ ਮੌਤ ਹੋ ਗਈ। ਕਾਰ ਦੇ ਦਰਵਾਜ਼ੇ ਲਾਕ ਹੋ ਗਏ ਤੇ ਬਹੁਤ ਕੋਸ਼ਿਸ਼ ਕਰਨ ਤੋਂ ਬਾਅਦ ਵੀ ਉਹ ਬਾਹਰ ਨਹੀਂ ਨਿਕਲ ਸਕੇ। ਪੋਸਟਮਾਰਟਮ ਰਿਪੋਰਟ 'ਚ ਬੱਚਿਆਂ ਦੀ ਮੌਤ ਦਾ ਕਾਰਨ ਸਾਹ ਘੁੱਟਣਾ ਦੱਸਿਆ ਗਿਆ ਹੈ। ਇਹ ਕਾਰ ਨਾਗਪੁਰ ਦੇ ਇਕ ਸਥਾਨਕ ਵਿਅਕਤੀ ਦੀ ਸੀ, ਜੋ ਆਸਪਾਸ ਦੇ ਇਕ ਗੈਰੇਜ ਮਕੈਨਿਕ ਨੇ ਪਾਵਰਲੂਮ ਵਰਕਸ਼ਾਪ ਦੇ ਬਾਹਰ ਖੜ੍ਹਾ ਕੀਤਾ ਸੀ। ਇਹ ਬੱਚੇ ਫਾਰੂਕ ਨਗਰ ਤੋਂ ਲਾਪਤਾ ਸਨ। ਉਹ ਸ਼ਨਿਚਰਵਾਰ ਦੁਪਹਿਰ ਆਪਣੇ ਘਰ ਬਾਹਰ ਖੇਡਣ ਲਈ ਗਏ ਸਨ। ਇਸੇ ਦੌਰਾਨ ਉਹ ਕੋਲ ਖੜ੍ਹੀ ਕਾਰ 'ਚ ਵੜ ਗਏ। ਇਸੇ ਦੌਰਾਨ ਉਸ ਦੇ ਦਰਵਾਜ਼ੇ ਲਾਕ ਹੋ ਗਏ। ਬਹੁਤ ਕੋਸ਼ਿਸ਼ ਤੋਂ ਬਾਅਦ ਵੀ ਬੱਚੇ ਕਾਰ 'ਚੋਂ ਬਾਹਰ ਨਹੀਂ ਨਿਕਲ ਸਕੇ। ਤਕਰੀਬਨ 30 ਘੰਟੇ ਬਾਅਦ ਇਕ ਸਥਾਨਕ ਔਰਤ ਨੇ ਉੱਥੋਂ ਬਦਬੂ ਆਉਣ ਦੀ ਸ਼ਿਕਾਇਤ ਕੀਤੀ, ਜਿਸ ਤੋਂ ਬਾਅਦ ਸਥਾਨਕ ਲੋਕ ਅਤੇ ਪੁਲਿਸ ਦੀ ਟੀਮ ਕਾਰ ਦੀ ਜਾਂਚ ਲਈ ਮੌਕੇ 'ਤੇ ਪਹੁੰਚੀ। ਪੁਲਿਸ ਨੂੰ ਕਾਰ 'ਚੋਂ ਤਿੰਨੋਂ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ।

# 500 ਏਅਰਬੱਸ ਜਹਾਜ਼ ਖਰੀਦਣ ਲਈ ਇੰਡੀਗੋ ਨੇ ਕੀਤੀ ਮੈਗਾ ਡੀਲ



ਨਵੀਂ ਦਿਲੀ, 19 ਜੂਨ (ਪੋਸਟ ਬਿਊਰੋ): ਇੰਡੀਗੋ ਨੇ 500 ਏਅਰਬੱਸ ਜਹਾਜ਼ ਖਰੀਦਣ ਲਈ ਇੱਕ ਮੈਗਾ ਡੀਲ 'ਤੇ ਦਸਤਖਤ ਕੀਤੇ ਹਨ। ਰਿਪੋਰਟਾਂ ਮੁਤਾ-ਬਕ ਇੰਡੀਗੋ ਬੋਰਡ ਵੱਲੋਂ 50 ਅਰਬ ਡਾਲਰ ਦਾ ਏਅਰਕ੍ਰਾਫਟ ਖਰੀਦਣ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਮਨਜ਼ੂਰੀ ਤੋਂ ਬਾਅਦ ਇੰਡੀਗੋ ਸਭ ਤੋਂ ਵੱਡੀ ਏਅਰਕ੍ਰਾਫਟ ਡੀਲਿੰਗ ਕੰਪਨੀ ਬਣ ਗਈ ਹੈ।

ਹਵਾਬਾਜ਼ੀ ਕੰਪਨੀ ਦੀ ਤਰਫੋਂ ਸੌਦੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਇੰਡੀਗੋ ਨੇ 500 ਏਅਰਬੱਸ ਏ320 ਫੈਮਿਲੀ ਜਹਾਜ਼ਾਂ ਦਾ ਆਰਡਰ ਦਿੱਤਾ ਹੈ। ਆਰਡਰ 2030 ਅਤੇ 2035 ਵਿਚਕਾਰ ਜਹਾਜ਼ਾਂ ਦੀ ਡਿਲਿਵਰੀ ਤੋਂ ਬਾਅਦ ਏਅਰਲਾਈਨ ਨੂੰ ਸਥਿਰਤਾ ਪ੍ਰਦਾਨ ਕਰੇਗਾ। ਇੰਡੀਗੋ 500 ਜਹਾਜ਼ਾਂ ਦਾ ਇਹ ਆਰਡਰ ਨਾ ਸਿਰਫ ਇੰਡੀਗੋ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਆਰਡਰ ਹੈ, ਸਗੋਂ ਏਅਰਬੱਸ ਨਾਲ ਕਿਸੇ ਵੀ ਏਅਰਲਾਈਨ ਦੁਆਰਾ ਹੁਣ ਤੱਕ ਦੀ ਸਭ ਤੋਂ ਵੱਡੀ ਸਿੰਗਲ ਏਅਰਕ੍ਰਾਫਟ ਖਰੀਦ ਵੀ ਹੈ।

# ਵਿਜੀਲੈਂਸ ਬਿਊਰੋ ਵੱਲੋਂ ਪੀ.ਐੱਸ.ਪੀ.ਸੀ.ਐੱਲ. ਦਾ ਜੂਨੀਅਰ ਇੰਜੀਨੀਅਰ 10 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਕਾਬੂ




ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਪਾਵਰ ਸਟੇਸ਼ਨ, ਅਲੀਵਾਲ ਵਿਖੇ ਤਾਇਨਾਤ ਪੀ.ਐਸ.ਪੀ.ਸੀ.ਐਲ. ਦੇ ਜੂਨੀਅਰ ਇੰਜੀਨੀਅਰ (ਜੇ.ਈ.) ਕਿਰਪਾ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਜੇ.ਈ. ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਢਡਿਆਲਾ ਦੇ ਵਾਸੀ ਸੁਖਜੀਤ ਸਿੰਘ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਜੇ.ਈ. ਕਿਰਪਾ ਸਿੰਘ ਨੇ ਨਵਾਂ ਟਰਾਂਸਫਾਰਮਰ ਲਗਵਾਉਣ ਬਦਲੇ ਉਸ ਕੋਲੋਂ 20,000 ਰੁਪਏ ਰਿਸ਼ਵਤ ਮੰਗੀ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਦੇ ਥਾਣਾ ਦੀ ਟੀਮ ਨੇ ਜਾਲ ਵਿਛਾ ਕੇ ਉਕਤ ਜੇ.ਈ. ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਪਾਸੋਂ ਪਹਿਲੀ ਕਿਸ਼ਤ ਵਜੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਉਕਤ ਜੇ.ਈ. ਦੇ ਖ਼ਿਲਾਫ਼ ਵਿਜੀਲੈਂਸ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਸੀ।

# ਭੋਪਾਲ ਵਿਚ ਚਾਰ ਬਦਮਾਸ਼ਾਂ ਨੇ ਨੌਜਵਾਨ ਦੇ ਗਲ਼ੇ ਵਿਚ ਬੰਨ੍ਹੀ ਬੈਲਟ, ਵੀਡੀਓ ਹੋਈ ਵਾਇਰਲ



ਭੋਪਾਲ, 19 ਜੂਨ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਭੋਪਾਲ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਸਾਫ ਨਜ਼ਰ ਆ ਰਿਹਾ ਹੈ ਕਿ ਕੁਝ ਲੋਕ ਇਕ ਨੌਜਵਾਨ ਨੂੰ ਬੰਧਕ ਬਣਾ ਕੇ ਉਸ ਨਾਲ ਬੁਰਾ ਵਿਵਹਾਰ ਕਰ ਰਹੇ ਹਨ। ਇਸ ਵੀਡੀਓ ਨੇ ਸਿਆਸੀ ਗਲਿਆਰੇ ਵਿੱਚ ਵੀ ਹਲਚਲ ਮਚਾ ਦਿੱਤੀ ਹੈ।

ਭੋਪਾਲ ਦੇ ਕੁਝ ਇਲਾਕਿਆਂ ਵਿਚ ਬਦਮਾਸ਼ਾਂ ਦੇ ਹੌਂਸਲੇ ਵਧ ਗਏ ਹਨ। ਵਾਇਰਲ ਵੀਡੀਓ 'ਚ ਸਾਫ ਦਿਖਾਈ ਦੇ ਰਿਹਾ ਹੈ ਕਿ ਕੁਝ ਲੋਕਾਂ ਨੇ ਇਕ ਨੌਜਵਾਨ ਨੂੰ ਬੈਲਟ ਨਾਲ ਬੰਨ੍ਹ ਦਿੱਤਾ ਹੈ ਅਤੇ ਉਸ ਤੋਂ ਮਾਫ਼ੀ ਮੰਗਣ ਲਈ ਕਹਿ ਰਹੇ ਹਨ। ਨਾਲ ਹੀ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਉਨ੍ਹਾਂ ਦੀ ਗੱਲ ਨਾ ਸੁਣੀ ਤਾਂ ਉਹ ਉਸ ਦੀ ਭੈਣ ਅਤੇ ਮਾਂ ਨਾਲ ਇਹ ਕੁਕਰਮ ਕਰੇਗਾ।

ਇਹ ਵੀਡੀਓ ਤਿਲਜਾਮਲਪੁਰਾ ਥਾਣਾ ਖੇਤਰ ਦਾ ਦੱਸਿਆ ਜਾ ਰਿਹਾ ਹੈ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ 'ਚ ਨੌਜਵਾਨ ਮਿੰਨਤ ਕਰਦਾ ਨਜ਼ਰ ਆ ਰਿਹਾ ਹੈ ਅਤੇ ਉਹ ਲਗਾਤਾਰ ਸਾਰਿਆਂ ਤੋਂ ਮਾਫ਼ੀ ਮੰਗ ਰਿਹਾ ਹੈ। ਇਸ ਵੀਡੀਓ 'ਚ ਇਹ ਵੀ ਨਜ਼ਰ ਆ ਰਿਹਾ ਹੈ ਕਿ ਨੌਜਵਾਨ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾਇਆ ਜਾ ਰਿਹਾ ਹੈ। ਨੌਜਵਾਨ ਨਾਲ ਅਜਿਹਾ ਸਲੂਕ ਕਿਉਂ ਕੀਤਾ ਗਿਆ, ਇਸ ਦਾ ਹੁਣ ਤੱਕ ਖੁਲਾਸਾ ਨਹੀਂ ਹੋ ਸਕਿਆ ਹੈ।

ਜਾਣਕਾਰੀ ਅਨੁਸਾਰ ਨੌਜਵਾਨ ਇੰਦਰਾ ਵਿਹਾਰ ਕਲੋਨੀ ਦਾ ਰਹਿਣ ਵਾਲਾ ਹੈ ਅਤੇ ਫੋਟੋਗ੍ਰਾਫਰ ਦਾ ਕੰਮ ਕਰਦਾ ਹੈ। ਉਸ ਦੇ ਦੋਸਤਾਂ ਦਾ ਕਹਿਣਾ ਹੈ ਕਿ ਇਹ ਵੀਡੀਓ 9 ਜੂਨ ਨੂੰ ਤਿਲਜਾਮਲਪੁਰਾ ਦੀ ਹੈ। ਇਸ ਸਬੰਧੀ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਪੁਲਿਸ ਨੇ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਵੀਡੀਓ ਦੇਖ ਕੇ ਪਤਾ ਨਹੀਂ ਲੱਗ ਸਕਦਾ ਕਿ ਇਸ ਨੌਜਵਾਨ ਨਾਲ ਇੰਨਾ ਬੁਰਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਫਿਲਹਾਲ ਪੁਲਿਸ ਦੇ ਪੱਖ ਤੋਂ ਕੁਝ ਨਹੀਂ ਕਿਹਾ ਗਿਆ ਹੈ। ਵੀਡੀਓ ਦੇ ਪਿੱਛੇ ਦੀ ਸੱਚਾਈ ਜਾਣਨ ਲਈ ਪੁਲਿਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

ਰਾਜ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਨਰੋਤਮ ਮਿਸ਼ਰਾ ਨੇ ਕਿਹਾ ਕਿ ਇਹ ਮਾਮਲਾ ਬਹੁਤ ਗੰਭੀਰ ਹੈ। ਉਨ੍ਹਾਂ ਨੇ ਭੋਪਾਲ ਪੁਲਿਸ ਕਮਿਸ਼ਨਰ ਨੂੰ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਜੇਕਰ ਮਾਮਲਾ ਸਹੀ ਪਾਇਆ ਜਾਂਦਾ ਹੈ ਤਾਂ 24 ਘੰਟਿਆਂ ਦੇ ਅੰਦਰ-ਅੰਦਰ ਮੁਲਜ਼ਮਾਂ ਖਿਲਾਫ਼ ਕਾਰਵਾਈ ਕੀਤੀ ਜਾਵੇ।

# ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਦਾ ਕਾਲਜ ਕੈਂਪਸ ਦੇ ਬਾਹਰ ਕੀਤਾ ਕਤਲ

ਨਵੀਂ ਦਿੱਲੀ, 19 ਜੂਨ (ਪੋਸਟ ਬਿਊਰੋ): ਦਿੱਲੀ ਯੂਨੀਵਰਸਿਟੀ (ਡੀ.ਯੂ.) ਦੇ ਪਹਿਲੇ ਸਾਲ ਦੇ ਇਕ ਵਿਦਿਆਰਥੀ ਦਾ ਐਤਵਾਰ ਨੂੰ ਦੱਖਣੀ ਕੈਂਪਸ ਵਿਚ ਆਰੀਆਭੱਟ ਕਾਲਜ ਦੇ ਬਾਹਰ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਚ 2 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਦਿੱਲੀ ਦੇ ਬਿੰਦਾ-ਪੁਰ ਇਲਾਕਾ ਵਾਸੀ ਰਾਹੁਲ (19) ਅਤੇ ਜਨਕਪੁਰੀ ਵਾਸੀ ਹਾਰੂਨ (19) ਵਜੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਰਾਹੁਲ ਕਾਲਜ ਵਿਚ ਪਹਿਲੇ ਸਾਲ ਦਾ ਵਿਦਿਆਰਥੀ ਹੈ ਅਤੇ ਉਸ ਦੇ ਪਿਤਾ ਬਿੰਦਾਪੁਰ ਵਿਚ ਬਰੈੱਡ ਦੀ ਦੁਕਾਨ ਚਲਾਉਂਦੇ ਹਨ। ਰਾਹੁਲ ਦਾ ਦੋਸਤ ਹਾਰੂਨ ਇੱਥੇ ਨਿਲੋਠੀ ਇਲਾਕੇ 'ਚ ਟੀ-ਸ਼ਰਟ ਦੀ ਫੈਕਟਰੀ 'ਚ ਕੰਮ ਕਰਦਾ ਹੈ। ਮ੍ਰਿਤਕ ਦੀ ਪਛਾਣ ਪੱਛਮੀ ਵਿਹਾਰ ਦੇ ਰਹਿਣ ਵਾਲੇ ਨਿਖਿਲ ਚੌਹਾਨ (19) ਵਜੋਂ ਕੀਤੀ ਗਈ ਹੈ ਅਤੇ ਉਹ 'ਸਕੂਲ ਆਫ਼ ਓਪਨ ਲਰਨਿੰਗ' (ਐੱਸ.ਓ.ਐੱਲ.) ਤੋਂ ਰਾਜਨੀਤੀ ਵਿ-ਗਆਨ 'ਚ ਬੀ.ਏ. (ਆਨਰਜ਼) ਦੀ ਪੜ੍ਹਾਈ ਕਰ ਰਿਹਾ ਸੀ।


ਪੁਲਸ ਨੇ ਦੱਸਿਆ ਸੀ ਕਿ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਕਰੀਬ ਇਕ ਹਫ਼ਤੇ ਪਹਿਲਾਂ 'ਸਕੂਲ ਆਫ਼ ਓਪਨ ਲਰਨਿੰਗ' ਦੇ ਇਕ ਵਿਦਿਆਰਥੀ ਨੇ ਕਾਲਜ 'ਚ ਨਿਖਿਲ ਦੀ ਪ੍ਰੇਮਿਕਾ ਨਾਲ ਦੁਰਵਿਵਹਾਰ ਕੀਤਾ ਸੀ ਅਤੇ ਜਦੋਂ ਨਿਖਿਲ ਨੇ ਇਸ ਦਾ ਵਿਰੋਧ ਕੀਤਾ ਤਾਂ ਮੁਲਜ਼ਮ ਨਾਰਾਜ਼ ਹੋ ਗਿਆ ਅਤੇ ਉਸ ਨੇ ਬਦਲਾ ਲੈਣ ਦਾ ਫ਼ੈਸਲਾ ਕੀਤਾ। ਉਸ ਨੇ ਦੱਸਿਆ ਕਿ ਐਤਵਾਰ ਦੁਪਹਿਰ ਕਰੀਬ 12.30 ਵਜੇ, ਮੁਲਜ਼ਮ ਅਤੇ ਉਸ ਦੇ ਤਿੰਨ ਸਾਥੀ ਆਰੀਆਭੱਟ ਕਾਲਜ ਦੇ ਬਾਹਰ ਨਿਖਿਲ ਨੂੰ ਮਿਲੇ ਅਤੇ ਉਸ ਦੀ ਛਾਤੀ 'ਤੇ ਚਾਕੂ ਮਾਰ ਦਿੱਤਾ।

# ਅਨੁਸੂਚਿਤ ਜਾਤੀ ਦਾ ਜਾਅਲੀ ਸਰਟੀਫਿਕੇਟ ਕੀਤਾ ਰੱਦ, ਲਏ ਲਾਭ ਹੋਣਗੇ ਵਾਪਿਸ : ਡਾ.ਬਲਜੀਤ ਕੌਰ

ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ): ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਬਾਰੇ ਮੰਤਰੀ ਡਾ: ਬਲਜੀਤ ਕੌਰ ਨੇ ਦੱਸਿਆ ਕਿ ਅਰਵਿੰਦ ਕੁਮਾਰ ਪੁੱਤਰ ਸੁਦਾਮਾ ਸਿੰਘ ਮਕਾਨ ਨੰ. 3, ਉਂਕਾਰ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਵਸਨੀਕ ਦਾ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਪੰਜਾਬ ਸਰਕਾਰ ਪੱਧਰ ਤੇ ਗਠਿਤ ਰਾਜ ਪੱਧਰੀ ਸਕਰੂਟਨੀ ਕਮੇਟੀ ਵੱਲੋਂ ਰੱਦ ਕੀਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਬਾਰੇ ਮੰਤਰੀ ਡਾ: ਬਲਜੀਤ ਕੌਰ ਨੇ ਦੱਸਿਆ ਕਿ ਸ੍ਰੀ ਰਾਜੇਸ਼ ਕੁਮਾਰ ਮਹਿਰਾ, ਪਿੰਡ ਤੇ ਡਾਕਖਾਨਾ ਲਖਨਪਾਲ, ਜ਼ਿਲ੍ਹਾ ਜਲੰਧਰ ਵੱਲੋਂ ਸਮਾਜਿਕ ਨਿਆਂ ਅਤੇ ਅਧਿਕਾਰਤਾਂ ਮੰਤਰਾਲਾ, ਭਾਰਤ ਸਰਕਾਰ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਕਾਨ ਨੰ. 3, ਉਂਕਾਰ ਨਗਰ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਵਾਸੀ ਅਰਵਿੰਦ ਕੁਮਾਰ (ਭੋਇਆ) ਜਾਤੀ ਨਾਲ ਸਬੰਧਤ ਹੋਣ ਦੇ ਬਾਵਜੂਦ ਵੀ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਬਣਾਇਆ ਹੈ। ਜਦ ਕਿ ਇਹ ਭੋਇਆ ਜਾਤੀ ਪੰਜਾਬ ਰਾਜ ਦੀ ਅਨੁਸੂਚਿਤ ਜਾਤੀ ਦੀ ਸੂਚੀ ਵਿਚ ਸ਼ਾਮਿਲ ਨਹੀ ਹੈ।
















FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017